26-APRIL-PAGE-1.qxd 4/25/2023 10:33 PM Page 1

ਬੁੱਧਵਾਰ, 26 ਅਪ੍ਰੈਲ, 2023
13 ਵਿਸਾਖ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 325

ਨਵਾਂ ਜ਼ਮਾਨਾ

DAILY NAWAN ZAMANA • WEDNESDAY, 26 APRIL, 2023
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਪ੍ਰਧਾਨ ਖਿਲਾਫ ਡਟੀਆਂ ਪਹਿਲਵਾਨ ਕੁੜੀਆਂ ਨੂੰ ਪੈਸੇ ਦਾ ਲਾਲਚ ਦਿੱਤਾ ਜਾ ਰਿਹੈ : ਬਜਰੰਗ ਪੂਨੀਆ

ਸੁਪਰੀਮ ਕੋਰਟ ਮਾਮਲੇ ਨੂੰ ਗੰਭੀਰ ਮੰਨਦਿਆਂ ਸ਼ੁੱਕਰਵਾਰ ਸੁਣਵਾਈ ਲਈ ਰਾਜ਼ੀ

ਭੁਪਿੰਦਰ ਹੁੱਡਾ ਤੇ ਉਦਿਤ ਰਾਜ ਪਹੁੰਚੇ ਪਹਿਲਵਾਨਾਂ ਦੇ ਧਰਨੇ 'ਚ।

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਭਾਜਪਾ ਦੇ ਸੰਸਦ ਮੈਂਬਰ ਅਤੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜਭੂਸ਼ਨ ਸ਼ਰਨ ਸਿੰਘ ਖਿਲਾਫ ਜਿਨਸੀ ਸ਼ੋਸ਼ਣ ਦੇ ਦੋਸ਼ਾਂ 'ਤੇ ਐੱਫ ਆਈ ਆਰ ਦਰਜ ਨਾ ਕੀਤੇ ਜਾਣ ਦੇ ਦੋਸ਼ ਲਾਉਣ ਵਾਲੀਆਂ ਸੱਤ ਪਹਿਲਵਾਨ ਕੁੜੀਆਂ ਦੀ ਪਟੀਸ਼ਨ 'ਤੇ ਮੰਗਲਵਾਰ ਦਿੱਲੀ ਸਰਕਾਰ ਤੇ ਹੋਰਾਂ ਨੂੰ ਨੋਟਿਸ ਜਾਰੀ ਕੀਤੇ। ਚੀਫ ਜਸਟਿਸ ਡੀ ਵਾਈ ਚੰਦਰਚੂੜ ਅਤੇ ਜਸਟਿਸ ਪੀ ਐੱਸ ਨਰਸਿਮ੍ਹਾ ਦੀ ਬੈਂਚ ਨੇ ਸੀਨੀਅਰ ਵਕੀਲ ਕਪਿਲ ਸਿੱਬਲ ਦੀਆਂ ਦਲੀਲਾਂ ਦਾ ਨੋਟਿਸ ਲਿਆ ਕਿ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦੇ ਬਾਵਜੂਦ ਕੋਈ ਐੱਫ ਆਈ ਆਰ ਦਰਜ ਨਹੀਂ ਕੀਤੀ ਗਈ ਹੈ। ਬੈਂਚ ਨੇ ਕਿਹਾ- ਨੋਟਿਸ ਜਾਰੀ ਕੀਤਾ ਜਾਂਦਾ ਹੈ। ਇਸ ਨੂੰ ਸ਼ੁੱਕਰਵਾਰ ਨੂੰ ਸੁਣਵਾਈ ਲਈ ਸੂਚੀਬੱਧ ਕੀਤਾ ਜਾਵੇ। ਬੈਂਚ ਨੇ ਪਛਾਣ ਜ਼ਾਹਿਰ ਨਾ ਕਰਨ ਲਈ ਨਿਆਂਇਕ ਰਿਕਾਰਡ ਤੋਂ 7 ਸ਼ਿਕਾਇਤਕਰਤਾ ਪਹਿਲਵਾਨਾਂ ਦੇ ਨਾਂਅ ਹਟਾਉਣ ਦੇ ਨਿਰਦੇਸ਼ ਵੀ ਦਿੱਤੇ।

ਇਸੇ ਦੌਰਾਨ ਕੁੜੀਆਂ ਨਾਲ ਧਰਨੇ 'ਤੇ ਬੈਠੇ ਨਾਮੀ ਪਹਿਲਵਾਨ ਬਜਰੰਗ ਪੂਨੀਆ ਨੇ ਕਿਹਾ ਕਿ ਸ਼ਿਕਾਇਤ ਵਾਪਸ ਲੈਣ ਲਈ ਕੁੜੀਆਂ 'ਤੇ ਦਬਾਅ ਪਾਇਆ ਜਾ ਰਿਹਾ ਹੈ ਤੇ ਕੁਸ਼ਤੀ ਫੈਡਰੇਸ਼ਨ ਦੇ ਕਈ ਮੈਂਬਰਾਂ ਨੇ ਉਨ੍ਹਾਂ ਤੱਕ ਪਹੁੰਚ ਕਰਕੇ ਪੈਸੇ ਦਾ ਲਾਲਚ ਵੀ ਦਿੱਤਾ ਹੈ।

ਮਹਿਲਾ ਪਹਿਲਵਾਨ ਵਿਨੇਸ਼ ਫੋਗਾਟ ਤੇ ਸਾਕਸ਼ੀ ਮਲਿਕ ਨੇ ਵੀ ਕਿਹਾ ਕਿ ਪ੍ਰਧਾਨ ਖਿਲਾਫ ਸ਼ਿਕਾਇਤ ਦੇਣ ਵਾਲੀਆਂ ਸੱਤਾਂ ਪਹਿਲਵਾਨਾਂ ਨੂੰ ਜਾਨ ਦਾ ਖਤਰਾ ਹੈ। ਨਾਮੀ ਪਹਿਲਵਾਨਾਂ ਨੇ ਕਿਹਾ ਕਿ ਕੋਈ ਅਬੀ-ਨਬੀ ਹੋ ਗਈ ਤਾਂ ਸਰਕਾਰ ਜ਼ਿੰਮੇਵਾਰ ਹੋਵੇਗੀ।

ਧਰਨਾਕਾਰੀ ਪਹਿਲਵਾਨਾਂ ਵੱਲੋਂ ਸਾਰਿਆਂ ਤੋਂ ਹਮਾਇਤ ਲਈ ਕੀਤੀ ਗਈ ਅਪੀਲ ਦੇ ਹੁੰਗਾਰੇ ਵਜੋਂ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਤੇ ਕਾਂਗਰਸ ਆਗੂ ਉਦਿਤ ਰਾਜ ਜੰਤਰ-ਮੰਤਰ 'ਤੇ ਧਰਨੇ ਵਿਚ ਸ਼ਾਮਲ ਹੋਏ। ਹੁੱਡਾ ਨੇ ਸੋਮਵਾਰ ਕਿਹਾ ਸੀ ਕਿ ਬਹੁਤ ਦੁੱਖ ਦੀ ਗੱਲ ਹੈ ਕਿ ਦੇਸ਼ ਲਈ ਤਮਗੇ ਲਿਆਉਣ ਵਾਲੇ ਕੌਮਾਂਤਰੀ ਪਹਿਲਵਾਨ ਧਰਨੇ 'ਤੇ ਬੈਠਣ ਲਈ ਮਜਬੂਰ ਹੋਏ ਹਨ। ਉਨ੍ਹਾਂ ਨੂੰ ਇਨਸਾਫ ਮਿਲਣਾ ਚਾਹੀਦਾ ਹੈ। ਮਹਿਲਾ ਕਾਂਗਰਸ ਦੀ ਕੌਮੀ ਪ੍ਰਧਾਨ ਨੇਟਾ ਡੀ'ਸੂਜ਼ਾ ਵੀ ਧਰਨੇ ਵਾਲੀ ਥਾਂ ਪੁੱਜੀ ਤੇ ਰੋ ਰਹੀ ਸਾਕਸ਼ੀ ਮਲਿਕ ਨੂੰ ਦਿਲਾਸਾ ਦਿੱਤਾ। ਡੀ'ਸੂਜ਼ਾ ਨੇ ਕਿਹਾ ਕਿ ਜਿੱਥੇ ਇਨਸਾਫ ਮਿਲਣਾ ਚਾਹੀਦਾ ਸੀ, ਉਥੇ ਹੰਝੂ ਮਿਲੇ। ਮਹਿਲਾ ਸੁਰੱਖਿਆ ਦੇ ਲੰਮੇ-ਚੌੜੇ ਵਾਅਦੇ ਕਰਨ ਵਾਲੇ ਪ੍ਰਧਾਨ ਮੰਤਰੀ ਜੀ ਤੇ ਉਨ੍ਹਾ ਦੀ ਮੰਡਲੀ ਭਾਜਪਾ ਸਾਂਸਦ ਨੂੰ ਬਚਾਉਣ ਲਈ ਚੁੱਪ ਹੈ। ਉਨ੍ਹਾ ਕਿਹਾ— ਇਤਿਹਾਸ ਹਮੇਸ਼ਾ ਤਲਵਾਰ ਦੀ ਨੋਕ 'ਤੇ ਬਣਿਆ ਹੈ ਤੇ ਨੌਜਵਾਨ ਜਿੱਧਰ ਜਾਵੇਗਾ, ਦੁਨੀਆ ਉਧਰ ਜਾਵੇਗੀ।

ਸਮਲਿੰਗੀਆਂ ਦੇ ਮਾਪਿਆਂ ਦਾ ਚੀਫ ਜਸਟਿਸ ਨੂੰ ਪੱਤਰ

ਨਵੀਂ ਦਿੱਲੀ : ਕਰੀਬ 400 ਮਾਪਿਆਂ ਦੇ ਸਮੂਹ ਨੇ ਦੇਸ਼ ਦੇ ਚੀਫ ਜਸਟਿਸ ਡੀ ਵਾਈ ਚੰਦਰਚੂੜ ਨੂੰ ਪੱਤਰ ਲਿਖ ਕੇ ਆਪਣੇ ਸਮਲਿੰਗੀ ਬੱਚਿਆਂ ਲਈ 'ਵਿਆਹ 'ਚ ਸਮਾਨਤਾ' ਦਾ ਅਧਿਕਾਰ ਮੰਗਿਆ ਹੈ। 'ਸਵੀਕਾਰ-ਦਿ ਰੇਨਬੋ ਪੇਰੈਂਟਸ' ਵੱਲੋਂ ਲਿਖਿਆ ਗਿਆ ਪੱਤਰ ਇਸ ਮਾਅਨੇ 'ਚ ਅਹਿਮ ਹੈ ਕਿ ਚੀਫ ਜਸਟਿਸ ਦੀ ਪ੍ਰਧਾਨਗੀ ਹੇਠ ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਉਨ੍ਹਾਂ ਪਟੀਸ਼ਨਾਂ 'ਤੇ ਸੁਣਵਾਈ ਕਰ ਰਹੀ ਹੈ, ਜਿਨ੍ਹਾਂ 'ਚ ਸਮਲਿੰਗੀ ਵਿਆਹ ਨੂੰ ਮਾਨਤਾ ਦਿਵਾਉਣ ਦੀ ਅਪੀਲ ਕੀਤੀ ਗਈ ਹੈ। ਮਾਪਿਆਂ ਦੇ ਸਮੂਹ ਨੇ ਪੱਤਰ ਵਿੱਚ ਲਿਖਿਆ ਹੈ-ਸਾਡੀ ਇੱਛਾ ਹੈ ਕਿ ਸਾਡੇ ਬੱਚਿਆਂ ਤੇ ਉਨ੍ਹਾਂ ਦੇ ਜੀਵਨ ਸਾਥੀ ਦੇ ਸੰਬੰਧਾਂ ਨੂੰ ਸਾਡੇ ਦੇਸ਼ ਦੇ ਵਿਸ਼ੇਸ਼ ਵਿਆਹ ਐਕਟ ਤਹਿਤ ਮਾਨਤਾ ਮਿਲੇ। ਸਾਨੂੰ ਆਸ ਹੈ ਕਿ ਜਿਸ ਤਰ੍ਹਾਂ ਇਹ ਵਿਸ਼ਾਲ ਦੇਸ਼ ਹੈ, ਉਹ ਓਨੀ ਹੀ ਵਿਸ਼ਾਲਤਾ ਨਾਲ ਆਪਣੀ ਵਿਭਿੰਨਤਾ ਨੂੰ ਸਵੀਕਾਰ ਕਰੇਗਾ।

ਹੈੱਲਪਲਾਈਨ ਨੰਬਰ ਬਾਰੇ ਸਰਕਾਰ ਦਾ ਸਪੱਸ਼ਟੀਕਰਨ

ਚੰਡੀਗੜ੍ਹ (ਗੁਰਜੀਤ ਬਿੱਲਾ)-ਸੂਬੇ ਦੇ ਲੋਕਾਂ ਨੂੰ ਮਾਲ ਰਿਕਾਰਡ ਨੂੰ ਟਰੈਕ ਕਰਨ ਦੀ ਸਹੂਲਤ ਦੇਣ ਦੇ ਮੱਦੇਨਜ਼ਰ ਮਾਨ ਸਰਕਾਰ ਵੱਲੋਂ ਬੀਤੇ ਦਿਨੀਂ ਇੱਕ ਹੈੱਲਪਲਾਈਨ ਨੰਬਰ 8184900002 ਸ਼ੁਰੂ ਕੀਤਾ ਗਿਆ ਸੀ, ਜੋ ਅਣਜਾਣੇ 'ਚ 8194900002 ਲਿਖ ਹੋ ਗਿਆ। ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮਾਮਲੇ ਦੇ ਸੰਬੰਧ ਵਿੱਚ ਲੋਕਾਂ ਨੂੰ ਹੋਈ ਅਸੁਵਿਧਾ ਲਈ ਖੇਦ ਹੈ। ਲੋਕ 8184900002 'ਤੇ ਕਾਲ ਕਰਕੇ ਰੈਵੇਨਿਊ ਹੈੱਲਪਲਾਈਨ ਦਾ ਲਾਭ ਲੈ ਸਕਦੇ ਹਨ।

ਡੇਰਾ ਮੁਖੀ ਦੇ ਫਿਰ ਜੇਲ੍ਹੋਂ ਬਾਹਰ ਆਉਣ ਦੇ ਚਰਚੇ

ਚੰਡੀਗੜ੍ਹ : ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਇਕ ਵਾਰ ਫਿਰ ਤੋਂ ਪੈਰੋਲ ਦਿੱਤੇ ਜਾਣ ਦੇ ਚਰਚੇ ਹਨ। ਉਹ ਕਤਲ ਅਤੇ ਬਲਾਤਕਾਰ ਦੇ ਦੋਸ਼ਾਂ 'ਚ ਹਰਿਆਣਾ ਦੇ ਰੋਹਤਕ ਜ਼ਿਲ੍ਹੇ ਦੀ ਸੁਨਾਰੀਆ ਜੇਲ੍ਹ 'ਚ ਆਪਣੀ ਸਜ਼ਾ ਕੱਟ ਰਿਹਾ ਹੈ। ਡੇਰਾ ਸਿਰਸਾ ਦੇ ਸੇਵਾਦਾਰਾਂ ਦੀ ਮੰਨੀਏ ਤਾਂ ਡੇਰਾ ਮੁਖੀ 28 ਅਪ੍ਰੈਲ ਨੂੰ ਬਰਨਾਵਾ ਆਸ਼ਰਮ ਆ ਸਕਦਾ ਹੈ। ਅਹਿਮ ਸੂਤਰ ਦੀ ਮੰਨੀਏ ਤਾਂ ਪੈਰੋਲ ਦੋ ਜਾਂ ਤਿੰਨ ਦਿਨ ਦੀ ਹੋ ਸਕਦੀ ਹੈ। ਡੇਰਾ ਸੱਚਾ ਸੌਦਾ ਦਾ ਸਥਾਪਨਾ ਦਿਵਸ 29 ਅਪਰੈਲ ਨੂੰ ਹੈ, ਜਿਸ ਦੇ ਮੱਦੇਨਜ਼ਰ ਇਹ ਪੈਰੋਲ ਦਿੱਤੇ ਜਾਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਇਸ ਲਈ ਰੋਹਤਕ ਪ੍ਰਸ਼ਾਸਨ ਨੂੰ ਅਰਜ਼ੀ ਦਿੱਤੀ ਗਈ ਹੈ।

ਦਿਹਾੜੀ 8 ਤੋਂ ਘਟਾ ਕੇ 6 ਘੰਟੇ ਕੀਤੀ ਜਾਵੇ : ਜਗਰੂਪ

ਪਟਿਆਲਾ : ਏ ਆਈ ਐੱਸ ਐੱਫ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਯੁੱਗ ਪੁਰਸ਼ ਲੈਨਿਨ ਦੇ ਜਨਮ ਦਿਨ ਨੂੰ ਸਮਰਪਿਤ ਦਾਰਸ਼ਨਿਕ ਟ੍ਰੇਨਿੰਗ ਕੈਂਪਾਂ ਦੀ ਲੜੀ ਵਜੋਂ ਪਹਿਲਾ ਸਿਧਾਂਤਕ ਚੇਤਨਾ ਕੈਂਪ ਲਗਾਇਆ ਗਿਆ, ਜਿਸ ਵਿੱਚ ਮੁੱਖ ਵਕਤਾ ਜਗਰੂਪ ਨੇ ਸੰਬੋਧਨ ਕੀਤਾ। ਏ ਆਈ ਐੱਸ ਐੱਫ ਦੇ ਕੁੱਲ ਹਿੰਦ ਜਨਰਲ ਸਕੱਤਰ ਵਿਕੀ ਮਹੇਸਰੀ, ਸੂਬਾ ਪ੍ਰਧਾਨ ਲਵਪ੍ਰੀਤ ਮਾੜੀਮੇਘਾ, ਸੂਬਾ ਸਕੱਤਰ ਵਰਿੰਦਰ ਖੁਰਾਣਾ ਤੇ ਸਾਬਕਾ ਨੌਜਵਾਨ ਆਗੂ ਕਸ਼ਮੀਰ ਗਦਾਈਆ ਨੇ ਵੀ ਸੰਬੋਧਨ ਕੀਤਾ। ਮੁੱਖ ਵਕਤਾ ਜਗਰੂਪ ਵੱਲੋਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਮਾਰਕਸਵਾਦ ਦੇ ਮੁਢਲੇ ਗਿਆਨ ਬਾਰੇ ਚਾਨਣਾ ਪਾਇਆ ਗਿਆ। ਉਹਨਾ ਕਿਹਾ ਕਿ ਮਹਾਨ ਫਿਲਾਸਫਰ ਤੇ ਸਿੱਖਾਂ ਦੇ ਪਹਿਲੇ ਗੁਰੂ ਬਾਬਾ ਨਾਨਕ ਦਾ ਫਲਸਫਾ ਦੁਨੀਆ ਨੂੰ ਬਰਾਬਰਤਾ ਤੇ ਖੁਸ਼ਹਾਲ ਸਮਾਜ ਸਿਰਜਣ ਦਾ ਹੈ। ਬਾਬੇ ਨਾਨਕ ਦੀ ਤੁਕ 'ਇਹੁ ਮਨੁ ਕਰਮਾ ਇਹੁ ਮਨੁ ਧਰਮਾ ॥ ਇਹੁ ਮਨੁ ਪੰਚ ਤਤੁ ਤੇ ਜਨਮਾ॥' ਪੰਜ ਤੱਤ : ਅੱਗ, ਪਾਣੀ, ਧਰਤੀ, ਮਿੱਟੀ ਤੇ ਆਕਾਸ਼ ਹੈ, ਮਨੁੱਖ ਦਾ ਮਨ ਇਹਨਾਂ ਪੰਜ ਤੱਤਾਂ ਦੀ ਫੋਟੋ ਹੈ, ਜਿਸ ਨੂੰ ਰਿਫਲੈਕਟ ਕੀਤਾ ਜਾਂਦਾ ਹੈ।

ਉਹਨਾ ਕਿਹਾ ਕਿ ਵਾਸਤਵ ਵਿੱਚ ਪਦਾਰਥਵਾਦ ਇਹ ਮੰਗ ਕਰਦਾ ਹੈ ਕਿ ਤੁਸੀਂ ਬਾਹਰੀ ਪਦਾਰਥਕ ਹਾਲਤਾਂ ਨੂੰ ਬਦਲ ਦਿਓ, ਮਨੁੱਖ ਦੇ ਵਿਚਾਰ ਉਹਨਾਂ ਹਾਲਤਾਂ ਨੂੰ ਦੇਖਦਿਆਂ ਆਪ ਬਦਲ ਜਾਣਗੇ ਤੇ ਸਾਨੂੰ ਆਪਣੀ ਜ਼ਿੰਦਗੀ ਕੀੜੇ-ਮਕੌੜਿਆਂ ਵਾਂਗ ਨਹੀਂ ਜਿਊਣੀ ਪਵੇਗੀ। ਉਹਨਾ 2023 ਵਿੱਚ ਦੌਲਤ ਦੀ ਵੰਡ ਨੂੰ ਤਿੰਨ ਭਾਗਾਂ ਵਿੱਚ ਵੰਡਦੇ ਹੋਏ ਸਮਝਾਇਆ ਕਿ ਅਮੀਰਾਂ ਕੋਲ 85 ਫੀਸਦੀ, ਮੱਧ ਵਰਗ ਕੋਲ 7 ਫੀਸਦੀ ਤੇ ਗਰੀਬਾਂ ਕੋਲ 5 ਫੀਸਦੀ ਦੌਲਤ ਦਾ ਕੁੱਲ ਹਿੱਸਾ ਹੈ, ਜੋ 2014 ਪਿੱਛੋਂ ਬਹੁਤ ਤੇਜ਼ੀ ਨਾਲ ਤਬਦੀਲ ਹੋ ਰਿਹਾ ਹੈ।

ਜਗਰੂਪ ਨੇ ਕਿਹਾ ਕਿ ਅੱਜ ਦੇ ਹਾਲਾਤ ਬਹੁਤ ਨਾਜ਼ੁਕ ਹਨ, ਜੇਕਰ ਇਹਨਾਂ ● ਬਾਕੀ ਸਫ਼ਾ 2 'ਤੇ

ਬੇਅਦਬੀ ਖਿਲਾਫ ਦੂਜੇ ਦਿਨ ਵੀ ਪ੍ਰੋਟੈੱਸਟ

ਮੋਰਿੰਡਾ : ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ 'ਚ ਸੋਮਵਾਰ ਵਾਪਰੀ ਬੇਅਦਬੀ ਦੀ ਘਟਨਾ ਦੇ ਰੋਸ ਵਜੋਂ ਵੱਡੀ ਗਿਣਤੀ 'ਚ ਇਕੱਠੀ ਹੋਈ ਸੰਗਤ ਨੇ ਮੰਗਲਵਾਰ ਮੋਰਿੰਡਾ ਸ਼ਹਿਰੀ ਥਾਣੇ ਅੱਗੇ ਧਰਨਾ ਦਿੱਤਾ। ਦੂਜੇ ਦਿਨ ਵੀ ਰੋਸ ਵਜੋਂ ਬਾਜ਼ਾਰ ਬੰਦ ਰਹੇ। ਸੰਗਤ ਨੇ ਕੁਰਾਲੀ ਟੀ-ਪੁਆਇੰਟ 'ਤੇ ਆਵਾਜਾਈ ਠੱਪ ਕਰ ਦਿੱਤੀ।

ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਨੇ ਸੰਗਤ ਨਾਲ ਗੱਲ ਕੀਤੀ ਅਤੇ ਧਰਨਾ ਉਠਾਉਣ ਦੀ ਅਪੀਲ ਕੀਤੀ। ਉੱਧਰ, ਇਸ ਮਾਮਲੇ ਦੀ ਪੈਰਵੀ ਲਈ ਗੁਰਦੁਆਰਾ ਕਮੇਟੀ ਵੱਲੋਂ ਇਕ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ।

ਸਿਸੋਦੀਆ ਖਿਲਾਫ ਸਪਲੀਮੈਂਟਰੀ ਚਾਰਜਸ਼ੀਟ ਦਾਖਲ

ਨਵੀਂ ਦਿੱਲੀ : ਸੀ ਬੀ ਆਈ ਨੇ ਮੰਗਲਵਾਰ ਆਬਕਾਰੀ ਨੀਤੀ ਘੁਟਾਲਾ ਮਾਮਲੇ 'ਚ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਤੇ ਹੋਰਨਾਂ ਖਿਲਾਫ ਇਕ ਸਪਲੀਮੈਂਟਰੀ ਚਾਰਜਸ਼ੀਟ ਦਾਇਰ ਕੀਤੀ।

ਜਾਂਚ ਏਜੰਸੀ ਨੇ ਚਾਰਜਸ਼ੀਟ 'ਚ ਹੈਦਰਾਬਾਦ ਆਧਾਰਤ ਸੀ ਏ ਬੁਚੀ ਬਾਬੂ ਗੋਰਾਂਤਲਾ, ਸ਼ਰਾਬ ਕਾਰੋਬਾਰੀ ਅਮਨਦੀਪ ਸਿੰਘ ਢੱਲ ਅਤੇ ਇਕ ਹੋਰ ਵਿਅਕਤੀ ਅਰਜੁਨ ਪਾਂਡੇ ਨੂੰ ਵੀ ਸ਼ਾਮਲ ਕੀਤਾ ਹੈ।

ਕੇਦਾਰਨਾਥ 'ਚ ਪਹਿਲੀ ਪੂਜਾ ਮੋਦੀ ਦੇ ਨਾਂਅ 'ਤੇ

ਦੇਹਰਾਦੂਨ : ਉੱਤਰਾਖੰਡ ਦੇ ਉੱਚੇ ਗੜ੍ਹਵਾਲ ਹਿਮਾਲੀ ਖੇਤਰ 'ਚ ਸਥਿਤ ਕੇਦਾਰਨਾਥ ਧਾਮ ਦੇ ਕਿਵਾੜ ਛੇ ਮਹੀਨੇ ਬੰਦ ਰਹਿਣ ਤੋਂ ਬਾਅਦ ਮੰਗਲਵਾਰ ਸ਼ਰਧਾਲੂਆਂ ਦੇ ਦਰਸ਼ਨਾਂ ਲਈ ਖੋਲ੍ਹ ਦਿੱਤੇ ਗਏ। ਇਸ ਦੌਰਾਨ ਸਿਫਰ ਤੋਂ ਹੇਠਾਂ ਤਾਪਮਾਨ ਵਿਚਾਲੇ ਹਜ਼ਾਰਾਂ ਤੀਰਥ ਯਾਤਰੀ ਮੰਦਰ 'ਚ ਪੂਜਾ ਕਰਨ ਪੁੱਜੇ। ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਵੀ ਮੰਦਰ 'ਚ ਪ੍ਰਾਰਥਨਾ ਕੀਤੀ ਅਤੇ ਪਹਿਲੀ ਪੂਜਾ ਪ੍ਰਧਾਨ ਮੰਤਰੀ ਦੇ ਨਾਂ ਤੋਂ ਕੀਤੀ ਗਈ। ਸ੍ਰੀ ਬਦਰੀਨਾਥ-ਕੇਦਾਰਨਾਥ ਮੰਦਰ ਕਮੇਟੀ ਦੇ ਪ੍ਰਧਾਨ ਅਜੇਂਦਰ ਅਜੈ ਨੇ ਦੱਸਿਆ ਕਿ ਕੇਦਾਰਨਾਥ ਦੇ ਮੁੱਖ ਪੁਜਾਰੀ ਰਾਵਲ ਭੀਮਾਸ਼ੰਕਰ ਨੇ ਹੋਰਨਾਂ ਪੁਜਾਰੀਆਂ ਨਾਲ ਵੈਦਿਕ ਮੰਤਰ ਉਚਾਰਨ ਵਿਚਾਲੇ ਵਿਸ਼ੇਸ਼ ਪੂਜਾ ਕਰ ਕੇ ਸਵੇਰੇ 6.20 ਵਜੇ ਮੰਦਰ ਦੇ ਕਿਵਾੜ ਸ਼ਰਧਾਲੂਆਂ ਲਈ ਖੋਲ੍ਹ ਦਿੱਤੇ।

ਮੌਨ ਕੀ ਬਾਤ

ਨਵੀਂ ਦਿੱਲੀ : ਕਾਂਗਰਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਮਨ ਕੀ ਬਾਤ' ਪ੍ਰੋਗਰਾਮ ਦੀ 100ਵੀਂ ਕੜੀ ਦੇ ਪ੍ਰਸਾਰਨ ਤੋਂ ਪਹਿਲਾਂ ਮੰਗਲਵਾਰ ਕਿਹਾ ਕਿ ਚੀਨ ਦੇ ਵਿਸ਼ੇ, ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸੱਤਿਆ ਮਲਿਕ ਦੇ ਖੁਲਾਸੇ ਤੇ ਕਈ ਹੋਰ ਮੁੱਦੇ 'ਮੌਨ ਕੀ ਬਾਤ' ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਟਵੀਟ ਕੀਤਾ-30 ਅਪਰੈਲ ਨੂੰ ਹੋਣ ਜਾ ਰਹੀ 'ਮਨ ਕੀ ਬਾਤ' ਦੀ 100ਵੀਂ ਕੜੀ ਦੀ ਸੂਚਨਾ ਦਾ ਪ੍ਰਸਾਰਨ ਕਰਨ ਲਈ ਪ੍ਰਧਾਨ ਮੰਤਰੀ ਦੀ ਤਾਕਤਵਰ ਪੀ ਆਰ ਮਸ਼ੀਨ ਓਵਰਟਾਈਮ ਕੰਮ ਕਰ ਰਹੀ ਹੈ। ਇਸ ਵਿਚਾਲੇ 'ਮੌਨ ਕੀ ਬਾਤ' ਹੈ-ਅਡਾਨੀ, ਚੀਨ, ਸੱਤਿਆਪਾਲ ਮਲਿਕ ਦੇ ਖੁਲਾਸਿਆਂ, ਐੱਮ ਐੱਸ ਐੱਮ ਈ ਦੀ ਬਰਬਾਦੀ ਤੇ ਹੋਰ ਮਹੱਤਵਪੂਰਨ ਮੁੱਦਿਆਂ 'ਤੇ ਚੁੱਪ।

ਲੁਧਿਆਣਾ 'ਚ ਪੀ ਐੱਫ ਆਈ 'ਤੇ ਛਾਪਾ

ਨਵੀਂ ਦਿੱਲੀ : ਕੌਮੀ ਜਾਂਚ ਏਜੰਸੀ ਨੇ ਪਾਬੰਦੀਸ਼ੁਦਾ ਪਾਪੂਲਰ ਫਰੰਟ ਆਫ ਇੰਡੀਆ (ਪੀ ਐੱਫ ਆਈ) ਦੇ ਕੇਡਰ ਖਿਲਾਫ ਪੰਜਾਬ ਸਣੇ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਦਰਜਨਾਂ ਥਾਵਾਂ 'ਤੇ ਛਾਪੇ ਮਾਰ ਕੇ ਤਲਾਸ਼ੀ ਮੁਹਿੰਮ ਚਲਾਈ। ਲੁਧਿਆਣਾ 'ਚ ਇਕ, ਬਿਹਾਰ 'ਚ 12, ਯੂ ਪੀ 'ਚ ਦੋ, ਜਦਕਿ ਗੋਆ 'ਚ ਇਕ ਜਗ੍ਹਾ ਛਾਪੇ ਮਾਰੇ ਗਏ। ਬਿਹਾਰ ਦੇ ਦਰਭੰਗਾ ਦੀ ਉਰਦੂ ਮਾਰਕੀਟ 'ਚ ਛਾਪੇ ਮਾਰੇ ਗਏ। ਕੇਂਦਰੀ ਗ੍ਰਹਿ ਮੰਤਰਾਲੇ ਨੇ ਪਿਛਲੇ ਸਾਲ ਸਤੰਬਰ 'ਚ ਪੀ ਐੱਫ ਆਈ ਤੇ ਇਸ ਨਾਲ ਸੰਬੰਧਤ ਹੋਰ ਸੰਸਥਾਵਾਂ ਨੂੰ ਗੈਰ-ਕਾਨੂੰਨੀ ਐਲਾਨ ਦਿੱਤਾ ਸੀ।

ਗੁਜਰਾਤ ਏ ਟੀ ਐੱਸ ਨੂੰ ਲਾਰੈਂਸ ਦੀ ਹਿਰਾਸਤ ਮਿਲੀ

ਅਹਿਮਦਾਬਾਦ : ਗੁਜਰਾਤ ਦੇ ਦਹਿਸ਼ਤਗਰਦੀ ਵਿਰੋਧੀ ਦਸਤੇ (ਏ ਟੀ ਐੱਸ) ਨੂੰ ਨਸ਼ੀਲੇ ਪਦਾਰਥਾਂ ਦੀ ਸਰਹੱਦ ਪਾਰੋਂ ਤਸਕਰੀ ਦੇ ਇਕ ਮਾਮਲੇ 'ਚ ਜੇਲ੍ਹ 'ਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਹਿਰਾਸਤ ਮਿਲ ਗਈ ਹੈ। ਦਿੱਲੀ ਦੀ ਅਦਾਲਤ ਨੇ ਤਿਹਾੜ ਜੇਲ੍ਹ 'ਚ ਬੰਦ ਬਿਸ਼ਨੋਈ ਦਾ ਟਰਾਂਜ਼ਿਟ ਰਿਮਾਂਡ ਦੇ ਦਿੱਤਾ। ਏ ਟੀ ਐੱਸ ਗੈਂਗਸਟਰ ਤੋਂ ਪਿਛਲੇ ਸਾਲ ਸਤੰਬਰ ਮ

26-APRIL-PAGE-1.qxd 4/25/2023 10:34 PM Page 2

ਏਕਤਾ ਮਨੁੱਖੀ ਅਧਿਕਾਰ ਬਿਊਰੋ ਦੀ ਬਲਾਕ ਪੱਧਰੀ ਮੀਟਿੰਗ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਏਕਤਾ ਮਨੁੱਖੀ ਅਧਿਕਾਰ ਬਿਊਰੋ ਦੀ ਬਲਾਕ ਪੱਧਰੀ ਮੀਟਿੰਗ ਸ਼ਹੀਦ ਕਰਤਾਰ ਸਿੰਘ ਸਰਾਭਾ ਸੋਢੇ ਵਿਖੇ ਜ਼ਿਲ੍ਹਾ ਪ੍ਰਧਾਨ ਜਗਜੀਤ ਸਿੰਘ ਠੁੱਲੀਵਾਲ ਦੀ ਅਗਵਾਈ ਹੇਠ ਹੋਈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਜਥੇਬੰਦੀ ਦੇ ਸੂਬਾਈ ਵਾਈਸ ਚੇਅਰਮੈਨ ਬਲਵਿੰਦਰ ਸਿੰਘ ਘੋਲੀਆ ਨੇ ਜਥੇਬੰਦੀ ਦੀਆਂ ਸਰਗਰਮੀਆਂ ਬਾਰੇ ਦੱਸਿਆ ਕਿ ਜਥੇਬੰਦੀ ਦਾ ਮੁੱਖ ਕਾਰਜ ਪਿੰਡ-ਪਿੰਡ ਕੈਂਪ ਲਾ ਕੇ ਨਸ਼ਿਆਂ ਤੋਂ ਪੀੜਤ ਨੌਜਵਾਨ ਮੁੰਡੇ, ਕੁੜੀਆਂ ਨੂੰ ਜਾਗਰੂਕ ਕਰਨ ਉਪਰੰਤ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਇਲਾਜ ਕਰਾ ਕੇ ਨਵੇਂ ਸਿਰਿਓਂ ਜੀਵਨ ਦੀ ਸ਼ੁਰੂਆਤ ਕਰਾਉਣਾ ਹੈ। ਇਸ ਮੌਕੇ ਇਲਾਕੇ ਦੇ ਨਸ਼ਿਆਂ ਦੀ ਦਲਦਲ 'ਚ ਫਸੇ ਨੌਜਵਾਨਾਂ ਦੇ ਮਾਪਿਆਂ ਨੇ ਆਪਣੀ ਦਰਦ ਕਹਾਣੀ ਆਗੂਆਂ ਕੋਲ ਬਿਆਨ ਕੀਤੀ। ਸੂਬਾਈ ਆਗੂ ਘੋਲੀਆ ਨੇ ਪੀੜਤ ਪਰਵਾਰਾਂ ਨੂੰ ਹਰ ਸੰਭਵ ਸਹਿਯੋਗ ਦਾ ਭਰੋਸਾ ਦੁਆਇਆ। ਜ਼ਿਲ੍ਹਾ ਮੀਤ ਪ੍ਰਧਾਨ ਗੁਰਪ੍ਰਕਾਸ਼ ਸਿੰਘ, ਗੁਰਚਰਨ ਸਿੰਘ ਕਾਲਾ, ਤਹਿਸੀਲ ਪ੍ਰਧਾਨ ਜਗਸੀਰ ਸਿੰਘ ਕੁਰੜ, ਖ਼ਜ਼ਾਨਚੀ ਜਗਜੀਤ ਸਿੰਘ ਵੇਰਕਾ, ਹਰੀ ਸਿੰਘ ਠੁੱਲੀਵਾਲ, ਪ੍ਰੈੱਸ ਸਕੱਤਰ ਜਿੰਦਰ ਸਿੰਘ ਨੇ ਸਮੂਹ ਨਗਰ ਪੰਚਾਇਤਾਂ, ਯੂਥ ਕਲੱਬਾਂ ਨੂੰ ਨਸ਼ਿਆਂ ਖਿਲਾਫ ਵਿੱਢੀ ਗਈ ਮੁਹਿੰਮ 'ਚ ਸਹਿਯੋਗ ਦੇਣ ਦੀ ਅਪੀਲ ਕੀਤੀ।

ਬਾਲ ਸੰਸਾਰ ਵਿੱਦਿਆ ਮੰਦਰ ਦੇ ਬੱਚਿਆਂ ਨੂੰ ਚਿੜੀਆ ਘਰ ਤੇ ਰੋਜ਼ ਗਾਰਡਨ ਦਿਖਾਇਆ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਬਾਲ ਸੰਸਕਾਰ ਵਿੱਦਿਆ ਮੰਦਰ ਫੂਲ ਟਾਊਨ ਵਿਖੇ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਹਰ ਸਮੇਂ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਕਰਾਈਆਂ ਜਾਂਦੀਆਂ ਹਨ, ਜਿਸ ਕਾਰਨ ਬੱਚਿਆਂ ਨੂੰ ਪੜ੍ਹਾਈ ਦੇ ਵੱਖ-ਵੱਖ ਵਿਸ਼ਿਆਂ ਨੂੰ ਸਮਝਣਾ ਅਸਾਨ ਹ�ो ਜਾਂਦਾ ਹੈ। ਇਸ ਲੜੀ ਤਹਿਤ ਬਾਲ ਸੰਸਕਾਰ ਵਿੱਦਿਆ ਮੰਦਰ ਸਕੂਲ ਫੂਲ ਟਾਊਨ ਦੇ ਬੱਚਿਆਂ ਨੂੰ ਬਠਿੰਡਾ ਵਿਖੇ ਚਿੜੀਆ ਘਰ ਤੇ ਰੋਜ਼ ਗਾਰਡਨ ਪਿਕਨਿਕ ਟੂਰ 'ਤੇ ਲਿਜਾਇਆ ਗਿਆ। ਚਿੜੀਆ ਘਰ ਪਹੁੰਚ ਕੇ ਬੱਚਿਆਂ ਨੇ ਉਤਸ਼ਾਹ ਨਾਲ ਕੁਦਰਤ ਦੀ ਮਨਮੋਹਕ ਸੁੰਦਰਤਾ ਦਾ ਆਨੰਦ ਮਾਣਿਆ। ਕੁਦਰਤ ਦੀ ਸੈਰ ਨੇ ਉਨ੍ਹਾਂ ਨੂੰ ਅਪਣੇ ਆਲੇ ਦੁਆਲੇ ਵੱਖ-ਵੱਖ ਕਿਸਮਾਂ ਦੇ ਜੰਗਲੀ ਅਤੇ ਗੈਰ ਜੰਗਲੀ ਜੀਵਾਂ ਨੂੰ ਦੇਖਿਆ ਤੇ ਸਮਝਣ ਦਾ ਮੌਕਾ ਮਿਲਿਆ। ਰੋਜ਼ ਗਾਰਡਨਜ਼ ਪਹੁੰਚ ਕੇ ਸਾਰੇ ਬੱਚਿਆਂ ਨੇ ਬੜੇ ਸੁਚੱਜੇ ਢੰਗ ਨਾਲ ਅਪਣੇ ਅਧਿਆਪਕਾਂ ਕੋਮਲ ਸ਼ਰਮਾ, ਨੀਤੂ ਸ਼ਰਮਾ ਤੇ ਹੋਰ ਅਧਿਆਪਕਾ ਨਾਲ ਰੋਜ਼ ਗਾਰਡਨਜ਼ ਪਾਰਕ ਦਾ ਆਨੰਦ ਮਾਣਿਆ। ਫਿਰ ਉਨ੍ਹਾਂ ਸਾਰਿਆਂ ਨੇ ਇਕੱਠੇ ਖਾਣਾ ਖਾਧਾ। ਕਈ ਤਰ੍ਹਾਂ ਦੀਆਂ ਖੇਡਾਂ ਖੇਡੀਆਂ, ਜਿਨ੍ਹਾਂ ਰਾਹੀਂ ਉਨ੍ਹਾਂ ਨੇ ਅਪਣੀ ਸਰੀਰਕ ਊਰਜਾ ਨੂੰ ਪ੍ਰਕਾਸ਼ਮਾਨ ਕੀਤਾ। ਪਿਕਨਿਕ ਦੌਰਾਨ ਬੱਚਿਆਂ ਨੇ ਬਹੁਤ ਚੰਗੀ ਤਰ੍ਹਾਂ ਸਿੱਖਿਆ ਕਿ ਕਿਵੇਂ ਇਕੱਠੇ ਰਹਿਣਾ ਹੈ ਤੇ ਅੱਗੇ ਵਧਣਾ ਹੈ। ਚਿੜੀਆ ਘਰ ਤੇ ਰੋਜ਼ ਗਾਰਡਨਜ਼ ਦੌਰਾ ਯਾਦਗਾਰੀ ਰਹੇਗਾ। ਇਸ ਮੌਕੇ ਸਕੂਲ ਦੇ ਚੇਅਰਮੈਨ ਭਾਰਤ ਭੂਸ਼ਨ ਜੈਨ, ਪ੍ਰਧਾਨ ਪੁਨੀਤ ਜੈਨ ਤੇ ਪ੍ਰਿੰਸੀਪਲ ਖੁਸ਼ਬੂ ਜੈਨ ਨੇ ਕਿਹਾ ਕਿ ਭਵਿੱਖ 'ਚ ਵੀ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਜਾਣਕਾਰੀ ਦੇਣ ਲਈ ਇਸ ਤਰ੍ਹਾਂ ਦੇ ਟੂਰ ਆਯੋਜਤ ਕੀਤੇ ਜਾਣਗੇ।

ਸਮਰਾਲਾ ਹਾਕੀ ਕਲੱਬ ਨੇ ਲੋੜਵੰਦ ਵਿਦਿਆਰਥਣਾਂ ਦੀ ਫ਼ੀਸ ਲਈ 15 ਹਜ਼ਾਰ ਦੀ ਰਾਸ਼ੀ ਦਿੱਤੀ

ਸਮਰਾਲਾ (ਸੁਰਜੀਤ ਸਿੰਘ)-ਵਾਤਾਵਰਣ ਨੂੰ ਸਮਰਪਤ ਸੰਸਥਾ ਸਮਰਾਲਾ ਹਾਕੀ ਕਲੱਬ ਵੱਲੋਂ ਪਿਛਲੇ ਲੰਮੇ ਤੋਂ ਧੀਆਂ, ਰੁੱਖਾਂ ਤੇ ਪਾਣੀ ਦੀ ਸੰਭਾਲ ਲਈ ਯਤਨ ਜਾਰੀ ਹਨ। ਵਾਤਾਵਰਣ ਦੀ ਰੱਖਿਆ ਲਈ ਉਨ੍ਹਾਂ ਵੱਲੋਂ ਜਿੱਥੇ ਜਗ੍ਹਾ-ਜਗ੍ਹਾ ਰੁੱਖ ਲਾ ਕੇ ਵਾਤਾਵਰਣ ਨੂੰ ਹਰਿਆ-ਭਰਿਆ ਕੀਤਾ ਜਾ ਰਿਹਾ ਹੈ, ਉਥੇ ਹੀ ਸੈਮੀਨਾਰ ਲਾ ਕੇ ਧੀਆਂ ਨੂੰ ਪੜ੍ਹਾਉਣ ਤੇ ਪਾਣੀ ਦੀ ਸਾਂਭ-ਸੰਭਾਲ ਸਬੰਧੀ ਵੀ ਜਾਗਰੂਕ ਕੀਤਾ ਜਾ ਰਿਹਾ ਹੈ। ਬੀਤੇ ਦਿਨੀਂ ਇਸ ਸੰਸਥਾ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟਾਲਾ ਦੀਆਂ ਲੋੜਵੰਦ ਵਿਦਿਆਰਥਣਾਂ ਦੀਆਂ ਫ਼ੀਸਾਂ ਲਈ 15 ਹਜ਼ਾਰ ਰੁਪਏ ਦੀ ਮਾਲੀ ਸਹਾਇਤਾ ਦਾ ਚੈੱਕ ਸਕੂਲ ਪ੍ਰਿੰਸੀਪਲ ਗੁਰਜੰਟ ਸਿੰਘ ਤੇ ਸਮੂਹ ਸਟਾਫ ਨੂੰ ਦਿੱਤਾ ਗਿਆ। ਇਸ ਮੌਕੇ ਪ੍ਰਧਾਨ ਗੁਰਪ੍ਰੀਤ ਸਿੰਘ ਬੇਦੀ ਤੇ ਰੁਪਿੰਦਰ ਸਿੰਘ ਗਿੱਲ ਨੇ ਕਿਹਾ ਕਿ ਇਲਾਕੇ ਵਿੱਚ ਲੋੜਵੰਦ ਵਿਦਿਆਰਥਣਾਂ, ਜੋ ਉੱਚ ਸਿੱਖਿਆ ਹਾਸਲ ਕਰਨ ਦੀਆਂ ਚਾਹਵਾਨ ਹਨ, ਪ੍ਰੰਤੂ ਫੀਸ ਪੱਖੋਂ ਪੜ੍ਹਾਈ ਜਾਰੀ ਰੱਖਣ ਵਿੱਚ ਦਿੱਕਤ ਆ ਰਹੀ ਹੈ, ਇਸੇ ਸੰਦਰਭ ਵਿੱਚ ਕਲੱਬ ਵੱਲੋਂ ਪੜ੍ਹਾਈ ਵਿੱਚ ਹੁਸ਼ਿਆਰ ਤੇ ਲੋੜਵੰਦ ਵਿਦਿਆਰਥਣਾਂ ਦੀ ਪੜ੍ਹਾਈ ਜਾਰੀ ਰੱਖਣ ਹਿੱਤ ਫ਼ੀਸ ਦੇਣ ਦਾ ਨਿਰਣਾ ਕੀਤਾ ਗਿਆ। ਪ੍ਰਿੰਸੀਪਲ ਤੇ ਸਮੂਹ ਸਟਾਫ਼ ਇਸ ਸਹਾਇਤਾ ਲਈ ਕਲੱਬ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਲੈਕ: ਜੋਧ ਸਿੰਘ, ਗੁਰਤੇਜ ਸਿੰਘ, ਸੁਖਮੀਨ ਸਿੰਘ ਕੰਗ, ਮਨਪ੍ਰੀਤ ਸਿੰਘ, ਪੂਨਮ ਬਾਲਾ, ਸੀਮਾ ਕੌਸ਼ਲ, ਰਮਨਜੀਤ ਕੌਰ ਤੇ ਲਖਵੀਰ ਕੌਰ ਆਦਿ ਹਾਜ਼ਰ ਸਨ।

ਸਪਰਿੰਗ ਫੀਲਡ ਸਕੂਲ ਵਿਖੇ ਹਫ਼ਤਾਵਾਰੀ ਨਾਕਆਊਟ ਕ੍ਰਿਕਟ ਮੈਚ ਕਰਾਏ

ਬਾਘਾ ਪੁਰਾਣਾ (ਮਨੀ ਸਿਗਲਾ)-ਸਪਰਿੰਗ ਫੀਲਡ ਸਕੂਲ ਵਿਖੇ ਹਫ਼ਤਾਵਾਰੀ ਨਾਕਆਊਟ ਕ੍ਰਿਕਟ ਮੈਚ ਕਰਾਏ ਗਏ, ਜਿਸ ਵਿੱਚ ਸਕੂਲ ਦੇ ਚਾਰੇ ਹਾਊਸਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਵਿੱਚ ਸਫਾਇਰ ਦੀ ਟੀਮ ਡਾਇਮੰਡ ਹਾਊਸ ਨੂੰ 5 ਵਿਕਟਾਂ ਨਾਲ ਹਰਾ ਕੇ ਫਾਈਨਲ ਵਿੱਚ ਪਹੁੰਚੀ, ਟੋਪਾਜ਼ ਦੀ ਟੀਮ ਨੇ ਇਮਰਾਲਡ ਹਾਊਸ ਦੀ ਟੀਮ ਨੂੰ 55 ਰਨਾਂ ਨਾਲ ਹਰਾ ਕੇ ਫਾਈਨਲ ਵਿੱਚ ਪ੍ਰਵੇਸ਼ ਕੀਤਾ। ਸਫਾਈਰ ਹਾਊਸ ਦੇ ਵਿਦਿਆਰਥੀਆਂ ਨੇ ਫਾਈਨਲ ਮੈਚ ਵਿੱਚ ਬੜੇ ਹੀ ਰੋਮਾਂਚਿਕ ਢੰਗ ਨਾਲ ਸਕੂਲ ਦੀ ਟੋਪਾਜ ਹਾਊਸ ਦੀ ਟੀਮ ਨੂੰ 2 ਵਿਕਟਾਂ ਨਾਲ ਹਰਾ ਕੇ ਜਿੱਤ ਹਾਸਲ ਕੀਤੀ। ਇਸ ਮੌਕੇ ਸਕੂਲ ਚੇਅਰਮੈਨ ਨਰ ਸਿੰਘ ਬਰਾੜ ਤੇ ਪ੍ਰਿੰਸੀਪਲ ਬਾਇਜ਼ੂ ਵਿਜੇ ਨੇ ਬੱਚਿਆਂ ਅਤੇ ਉਨ੍ਹਾਂ ਦੇ ਅਧਿਆਪਕਾਂ ਡੀ.ਪੀ.ਈ ਹਰਜਿੰਦਰ ਸਿੰਘ ਅਤੇ ਮੈਡਮ ਹਰਦੀਪ ਕੌਰ ਨੂੰ ਵਧਾਈ ਦਿੱਤੀ ਤੇ ਕਾਮਨਾ ਕੀਤੀ ਕਿ ਸਕੂਲ ਦੀਆਂ ਟੀਮਾਂ ਇਸੇ ਤਰ੍ਹਾਂ ਜਿੱਤ ਪ੍ਰਾਪਤ ਕਰ ਕੇ ਪੰਜਾਬ ਪੱਧਰ ਤੇ ਖੇਡਣਗੀਆਂ, ਜਿਸ ਨਾਲ ਸਕੂਲ ਅਤੇ ਜ਼ੋਨ ਦਾ ਨਾਂਅ ਉੱਚਾ ਹੋਵੇਗਾ। ਬੱਚਿਆਂ ਨੂੰ ਪ੍ਰਿੰਸੀਪਲ ਤੇ ਸਟਾਫ਼ ਨੇ ਜਿੱਤ ਉਪਰ ਵਧਾਈ ਦਿੱਤੀ।

ਨਰਮੇ ਦੀ ਫ਼ਸਲ ਹੇਠ ਰਕਬਾ ਵਧਾਉਣ ਲਈ ਜਾਗਰੂਕਤਾ ਕੈਂਪ



ਮਲੋਟ (ਗੁਰਮੀਤ ਸਿੰਘ ਮੱਕੜ)-ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਪਿੰਡ ਮਿੱਡਾ ਵਿੱਚ ਜ਼ਮੀਨੀ ਪਾਣੀ ਦੇ ਡਿੱਗਦੇ ਪੱਧਰ ਨੂੰ ਰੋਕਣ ਅਤੇ ਝੋਨੇ ਦੇ ਫ਼ਸਲੀ ਚੱਕਰ ਵਿਚੋਂ ਬਾਹਰ ਨਿਕਲ ਕੇ ਨਰਮੇ ਦੀ ਫ਼ਸਲ ਹੇਠ ਰਕਬਾ ਵਧਾਉਣ ਲਈ ਡਾ. ਗੁਰਪ੍ਰੀਤ ਸਿੰਘ ਮੁੱਖ ਖੇਤੀਬਾੜੀ ਅਫ਼ਸਰ, ਸ਼੍ਰੀ ਮੁਕਤਸਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ. ਪਰਮਿੰਦਰ ਸਿੰਘ ਧੰਜੂ ਬਲਾਕ ਖੇਤੀਬਾੜੀ ਅਫ਼ਸਰ, ਮਲੋਟ ਦੀ ਯੋਗ ਅਗਵਾਈ ਹੇਠ ਕਿਸਾਨ ਸਿਖਲਾਈ ਕੈਂਪ ਲਾਇਆ ਗਿਆ। ਕੈਂਪ ਵਿੱਚ ਮਿਸ ਜਸਨੀਨ ਕੌਰ ਖੇਤੀਬਾੜੀ ਵਿਕਾਸ ਅਫ਼ਸਰ, ਸਰਕਲ ਮਿੱਡਾ ਨੇ ਕਿਸਾਨਾਂ ਨੂੰ ਨਰਮੇ ਦੀ ਫ਼ਸਲ ਦੀਆਂ ਸਿਫ਼ਾਰਸ਼ ਦਾ ਕਿਸਮਾਂ, ਪੰਜਾਬ ਸਰਕਾਰ ਵੱਲੋਂ ਨਰਮੇ ਦੇ ਬੀਜਾਂ ਉੱਪਰ ਦਿੱਤੀ ਜਾ ਰਹੀ 33 ਫ਼ੀਸਦੀ ਸਬਸਿਡੀ ਤੇ ਪੰਜਾਬ ਸਰਕਾਰ ਵਲੋਂ ਨਰਮੇ ਦੀ ਬਿਜਾਈ ਵਾਲੇ ਪਿੰਡਾਂ ਵਿਚ ਨਿਯੁਕਤ ਕੀਤੇ ਕਿਸਾਨ ਮਿੱਤਰ ਤੇ ਸੁਪਰਵਾਇਜ਼ਰਾਂ ਬਾਰੇ ਜਾਣਕਾਰੀ ਦਿੱਤੀ।ਡਾ. ਜਸਨੀਨ ਕੌਰ ਏ.ਡੀ.ਓ. ਪੋਰਟਲ ਉੱਪਰ ਸਬਸਿਡੀ 'ਤੇ ਲਏ ਹੋਏ ਬੀਜ਼ ਦੀ ਰਜਿਸਟ੍ਰੇਸ਼ਨ ਕੀਤੀ ਗਈ ਤੇ ਕਿਸਾਨਾਂ ਨੂੰ ਐਗਰੀ ਮਸ਼ੀਨਰੀ ਪੋਰਟਲ ਉੱਪਰ ਬਿੱਲ ਅਪਲੋਡ ਕਰਨ ਸਬੰਧੀ ਟ੍ਰੇਨਿੰਗ ਦਿੱਤੀ ਗਈ ਅਤੇ ਕਿਸਾਨਾਂ ਨੂੰ ਪ੍ਰੇਰਿਤ ਕੀਤਾ ਗਿਆ ਕਿ ਵੱਧ ਤੋਂ ਵੱਧ ਨਰਮੇ ਦੀ ਬਿਜਾਈ ਕਰਕੇ ਸਬਸਿਡੀ ਲਈ ਬਿੱਲ ਅਪਲੋਡ ਕੀਤੇ ਜਾਣ। ਗੁਰਬਾਜ ਸਿੰਘ ਏ.ਟੀ.ਐਮ ਵਲੋਂ ਨਰਮੇ ਦੀ ਬਿਜਾਈ ਤੇ ਨਰਮੇ ਵਿੱਚ ਖਾਦਾਂ ਦੀ ਸੁਚੱਜੀ ਵਰਤੋਂ ਬਾਰੇ ਜਾਣਕਾਰੀ ਦਿੱਤੀ ਤੇ ਕਿਸਾਨਾਂ ਨੂੰ ਮਿੱਟੀ ਪਾਣੀ ਦੇ ਸੈਂਪਲ ਲੈਣ ਦੀ ਵਿਧੀ ਤੇ ਪਰਖ ਕਰਾਉਣ ਬਾਰੇ ਜਾਗਰੂਕ ਕੀਤਾ ਇਸ ਦੇ ਨਾਲ ਹੀ ਭਾਰਤ ਸਰਕਾਰ ਦੀ ਚੱਲ ਰਹੀ ਪੀ.ਐਮ. ਕਿਸਾਨ ਸਨਮਾਨ ਨਿੱਧੀ ਯੋਜਨਾ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ।

ਸਪਰਿੰਗ ਡਿਊ ਸਕੂਲ ਵਿਖੇ ਧਰਤ ਦਿਵਸ ਮਨਾਇਆ

ਜਗਰਾਓਂ (ਸੰਜੀਵ ਅਰੋੜਾ)-ਮਾਲਵੇ ਦੀ ਪ੍ਰਸਿੱਧ ਸੰਸਥਾ ਸਪਰਿੰਗ ਡਿਊ ਸਕੂਲ ਨਾਨਕਸਰ ਵਿਖੇ ਪ੍ਰਿੰਸੀਪਲ ਨਵਨੀਤ ਚੌਹਾਨ ਦੀ ਅਗਵਾਈ ਹੇਠ ਸਕੂਲ ਦੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੇ ਧਰਤੀ ਦਿਵਸ ਮਨਾਇਆ, ਜਿਸ ਵਿੱਚ ਸਕੂਲ ਵਿਦਿਆਰਥੀਆਂ ਤੇ ਸਕੂਲ ਦੇ ਵੱਖ-ਵੱਖ ਹਾਊਸਾਂ ਵਿੱਚ ਸਲੋਗਨ ਮੇਕਿੰਗ ਤੇ ਚਾਰਟ ਮੇਕਿੰਗ ਕੰਪੀਟੀਸ਼ਨ ਕਰਵਾਇਆ ਗਿਆ। ਸਕੂਲ ਦੇ ਪ੍ਰਾਇਮਰੀ ਵਿੰਗ ਵਿੱਚ ਪ੍ਰਦੂਸ਼ਨ ਨੂੰ ਘੱਟ ਕਰਨ ਸੰਬੰਧੀ ਜਾਗਰੂਕਤਾ ਪੈਦਾ ਕਰਨ ਲਈ ਸਕਿੱਟ ਤੇ ਰਚਨਾਵਾਂ ਵੀ ਪੇਸ਼ ਕੀਤੀਆਂ ਗਈਆਂ। ਚਾਰਟ ਮੇਕਿੰਗ ਕੰਪੀਟੀਸ਼ਨ ਵਿੱਚ ਬੱਚਿਆਂ ਨੇ ਵਾਤਾਵਰਣ ਨੂੰ ਪ੍ਰਦੂਸ਼ਨ ਤੋਂ ਬਚਾਉਣ ਲਈ ਭਾਵਪੂਰਤ ਪੇਂਟਿੰਗ ਰਾਹੀਂ ਬੜੀ ਬਾਖੂਬੀ ਨਾਲ ਪੇਸ਼ ਕੀਤਾ ਤੇ ਸਲੋਗਨ ਰਾਇਟਿੰਗ ਰਾਹੀਂ ਵਾਤਾਵਰਨ ਨੂੰ ਬਚਾਉਣ ਲਈ ਛੋਟੇ-ਛੋਟੇ ਭਾਵਪੂਰਨ ਸੰਦੇਸ਼ ਲਿਖੇ। ਇਸ ਮੌਕੇ ਵਾਈਸ ਪ੍ਰਿੰਸੀਪਲ ਬੇਅੰਤ ਬਾਵਾ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਆਪਣੀ ਜ਼ਿੰਦਗੀ ਵਿੱਚ ਘੱਟੋ ਘੱਟ 5 ਦਰੱਖਤ ਲਾਉਣੇ ਚਾਹੀਦੇ ਹਨ, ਜਿਸ ਦੀ ਸ਼ੁਰੂਆਤ ਸਾਨੂੰ ਹੁਣ ਵਿਦਿਆਰਥੀ ਜੀਵਨ ਤੋਂ ਹੀ ਸ਼ੁਰੂ ਕਰ ਦੇਣੀ ਚਾਹੀਦੀ ਹੈ।

ਕਲਰਕ ਰਿਸ਼ਵਤ ਲੈਂਦਾ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫ਼ਤਾਰ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਅਪਣਾਈ ਜ਼ੀਰੋ ਟਾਲਰੈਂਸ ਦੀ ਨੀਤੀ ਤਹਿਤ ਮਾਨਯੋਗ ਚੀਫ਼ ਡਾਇਰੈਕਟਰ ਵਿਜੀਲੈਂਸ ਬਿਊਰੋ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਰਿਸ਼ਵਤਖੋਰੀ ਵਿਰੁੱਧ ਜਾਰੀ ਮੁਹਿੰਮ ਤਹਿਤ ਤਹਿਸੀਲਦਾਰ ਦਫਤਰ ਤਲਵੰਡੀ ਸਾਬੋ ਦਾ ਬਿੱਲ ਕਲਰਕ ਹਰਜੀਤ ਸਿੰਘ ਨੂੰ 4500 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜ਼ਮ ਨੂੰ ਗੁਰਸੇਵਕ ਸਿੰਘ ਪੁੱਤਰ ਜਗਸੀਰ ਸਿੰਘ ਵਾਸੀ ਜਗਾ ਰਾਮ ਤੀਰਥ ਤਹਿਸੀਲ ਤਲਵੰਡੀ ਸਾਬੋ ਬਠਿੰਡਾ ਵੱਲੋਂ ਕੀਤੀ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸ਼ਿਕਾਇਤ ਕਰਤਾ ਗੁਰਸੇਵਕ ਸਿੰਘ ਨੇ ਵਿਜੀਲੈਂਸ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਕਤ ਬਿੱਲ ਕਲਰਕ ਹਰਜੀਤ ਸਿੰਘ ਨੇ ਉਸਦੀ ਮੈਰਿਜ ਸਰਟੀਫਿਕੇਟ ਬਣਾਉਣ ਬਦਲੇ 10,000/ਰੁਪਏ ਰਿਸ਼ਵਤ ਦੀ ਮੰਗ ਕੀਤੀ, ਪ੍ਰੰਤੂ ਉਸ ਵੱਲੋਂ ਮਿੰਨਤ ਤਰਲਾ ਕਰਨ ਤੇ 6000/ਰੁਪਏ ਰਿਸ਼ਵਤ ਲੈਣ ਲਈ ਸਹਿਮਤ ਹੋ ਕੇ 1500 ਰੁਪਏ ਬਤੌਰ ਰਿਸ਼ਵਤ ਲੈ ਚੁੱਕਾ ਹੈ ਤੇ ਬਾਕੀ ਰਹਿੰਦੀ ਰਿਸ਼ਵਤ ਦੀ ਰਕਮ ਲੈਣ ਲਈ ਮੰਗ ਕਰ ਰਿਹਾ ਸੀ। ਬੁਲਾਰੇ ਨੇ ਦੱਸਿਆ ਕਿ ਉਕਤ ਸ਼ਿਕਾਇਤ ਦੀ ਮੁੱਢਲੀ ਪੜਤਾਲ ਉਪਰੰਤ ਵਿਜੀਲੈਂਸ ਬਿਊਰੋ ਰੇਂਜ ਬਠਿੰਡਾ ਨੇ ਜਾਲ ਵਿਛਾਇਆ ਤੇ ਉਕਤ ਮੁਲਜ਼ਮ ਨੂੰ ਸ਼ਿਕਾਇਤਕਰਤਾ ਕੋਲੋਂ ਦੂਜੀ ਕਿਸ਼ਤ ਵਜੋਂ 4500/ ਰੁਪਏ ਦੀ ਰਿਸ਼ਵਤ ਹਾਸਲ ਕਰਦਿਆਂ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਰੰਗੇ ਹੱਥੀ ਕਾਬੂ ਕਰ ਲਿਆ। ਇਸ ਸਬੰਧ ਵਿੱਚ ਉਕਤ ਮੁਲਜ਼ਮ ਖਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਬਠਿੰਡਾ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਜਲੰਧਰ ਜ਼ਿਮਨੀ ਚੋਣ 'ਚ 'ਆਪ' ਵੱਡੇ ਫਰਕ ਨਾਲ ਜਿੱਤੇਗੀ : ਹਰਪਾਲ ਚੀਮਾ

ਜਲੰਧਰ : ਮੰਗਲਵਾਰ ਨੂੰ ਬਸਪਾ ਦੇ ਸਾਬਕਾ ਸੂਬਾ ਪ੍ਰਧਾਨ ਰਛਪਾਲ ਸਿੰਘ ਰਾਜੂ ਅਤੇ ਵੱਡੇ ਪਿੰਡ ਰੁੜਕਾ ਦੇ ਸਾਬਕਾ ਸਰਪੰਚ ਅਤੇ ਸੀ ਪੀ ਐਮ ਆਗੂ ਮੇਲਾ ਸਿੰਘ ਆਪਣੇ ਸਮਰਥਕਾਂ ਸਮੇਤ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ। ਦੋਵਾਂ ਆਗੂਆਂ ਦੀ ਦੁਆਬੇ ਦੇ ਲੋਕਾਂ 'ਚ ਮਜ਼ਬੂਤ ਪਕੜ ਹੈ ਅਤੇ ਜਲੰਧਰ ਦੇ ਹਰ ਭਾਈ

26-April-PAGE- 3.qxd 4/25/2023 10:47 PM Page 1

ਅਦਾਲਤੀ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਕਾਰਵਾਈ ਦੀ ਮੰਗ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪਿੰਡ ਕੋਟ ਟੋਡਰ ਮੱਲ ਵਿਖੇ ਅਦਾਲਤੀ ਸਟੇਅ ਹੋਣ ਦੇ ਬਾਵਜੂਦ ਇਕ ਧਿਰ ਦੇ ਵੱਲੋਂ ਜ਼ਬਰਦਸਤੀ ਜ਼ਮੀਨ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੇ ਜਾਣ ਦਾ ਸਮਾਚਾਰ ਮਿਲਿਆ ਹੈ। ਜਾਣਕਾਰੀ ਦਿੰਦੇ ਹੋਏ ਸਤਨਾਮ ਸਿੰਘ ਪੁੱਤਰ ਬਹਾਦਰ ਸਿੰਘ ਨੇ ਦੱਸਿਆ ਕਿ ਪਿਛਲੇ ਕਰੀਬ 60 ਸਾਲ ਤੋਂ ਉਹ ਆਪਣੀ ਜੱਦੀ ਪੁਸ਼ਤੀ 5 ਕਿਲੇ ਜ਼ਮੀਨ ਨੂੰ ਵਾਹ ਰਹੇ ਹਨ ਅਤੇ ਪਿੰਡ ਦੇ ਕੁਝ ਲੋਕ ਜ਼ਬਰਦਸਤੀ ਇਸ ਜ਼ਮੀਨ ਉੱਤੇ ਕਬਜ਼ਾ ਕਰਨਾ ਚਾਹੁੰਦੇ ਹਨ। ਪਿਛਲੇ ਦੋ ਸਾਲਾਂ ਤੋਂ ਇਨਾਂ ਵਿਅਕਤੀਆ ਨਾਲ ਲੜਾਈ ਝਗੜੇ ਦਾ ਕੇਸ ਮਾਣਯੋਗ ਅਦਾਲਤ ਵਿਚ ਚਲ ਰਿਹਾ। ਇਸ ਸੰਬੰਧੀ ਸਤਨਾਮ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਕੋਲ ਅਦਾਲਤੀ ਸਟੇਅ ਹੈ ਪਰ ਇਸ ਦੇ ਬਾਵਜੂਦ ਅਦਾਲਤ ਦੇ ਹੁਕਮਾਂ ਨੂੰ ਨਾ ਮੰਨ ਕੇ ਦੂਸਰੀ ਧਿਰ ਜ਼ਬਰਦਸਤੀ ਉਸ ਜ਼ਮੀਨ ਉੱਪਰ ਟਰੈਕਟਰ ਲਿਆ ਕੇ ਜ਼ਮੀਨ ਵਾਹ ਰਹੀ ਹੈ। ਇਸ ਦੀ ਉਨਾਂ ਵੱਲੋਂ ਇਕ ਵੀਡੀਓ ਵੀ ਬਣਾਈ ਗਈ ਜਿਸ ਵਿਚ ਸ਼ਰੇਆਮ ਦੂਸਰੀ ਧਿਰ ਬੇਖੌਫ ਹੋ ਕੇ ਟਰੈਕਟਰ ਲਿਆ ਕੇ ਜ਼ਮੀਨ ਵਾਹਾ ਰਹੀ। ਉਨ੍ਹਾਂ ਇਸ ਸਬੰਧੀ ਤੁਰੰਤ 112 ਨੰਬਰ 'ਤੇ ਪੁਲਸ ਨੂੰ ਸੂਚਿਤ ਕੀਤਾ। ਪੀੜਤ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਪਹਿਲਾਂ ਵੀ ਉਕਤ ਵਿਅਕਤੀਆਂ ਵੱਲੋਂ ਜ਼ਬਰਦਸਤੀ ਜ਼ਮੀਨ ਉਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਜਦੋਂ ਉਨ੍ਹਾਂ ਨੇ ਰੋਕਿਆ ਤਾਂ ਉਨਾਂ ਦੇ ਨਾਲ ਮਾਰਕੁਟਾਈ ਕੀਤੀ ਜਿਸ ਸਬੰਧੀ ਥਾਣਾ ਕਾਦੀਆਂ ਦੇ ਵਿਚ ਮੁਕੱਦਮਾ ਵੀ ਦਰਜ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਕਈ ਵਾਰ ਮਾਨਯੋਗ ਐੱਸਪੀ ਬਟਾਲਾ ਨੂੰ ਲਿਖਤੀ ਸ਼ਿਕਾਇਤ ਵੀ ਦਿੱਤੀ ਹੈ ਪਰ ਇਨਸਾਫ ਨਹੀਂ ਮਿਲਿਆ। ਸਤਨਾਮ ਸਿੰਘ ਨੇ ਮੀਡੀਆ ਰਾਹੀਂ ਪੰਜਾਬ ਦੇ ਡੀਜੀਪੀ ਅਤੇ ਆਈਜੀ ਬਾਰਡਰ ਰੇਂਜ ਕੋਲੋਂ ਮੰਗ ਕੀਤੀ ਕਿ ਸਬੰਧਤ ਵਿਅਕਤੀਆਂ ਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਬਣਦਾ ਇਨਸਾਫ ਦਿੱਤਾ ਜਾਵੇ।

ਇਸ ਸਬੰਧੀ ਜਦੋਂ ਪੁਲਸ ਥਾਣਾ ਕਾਦੀਆਂ ਦੇ ਐੱਸਐੱਚਓ ਇੰਸਪੈਕਟਰ ਸੁਖਰਾਜ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਹੈ ਅਤੇ ਉੱਚ ਅਧਿਕਾਰੀਆਂ ਦੇ ਧਿਆਨ ਵਿਚ ਵੀ ਲਿਆਂਦਾ ਗਿਆ ਹੈ। ਦੋਵਾਂ ਧਿਰਾਂ ਦੇ ਕੋਲ ਅਦਾਲਤੀ ਸਟੇਅ ਹੈ ਅਤੇ ਇਸ ਮਾਮਲੇ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਜਾਂਚ ਸਬੰਧੀ ਜੋ ਵੀ ਤੱਥ ਸਾਹਮਣੇ ਆਉਣਗੇ ਉਨ੍ਹਾਂ ਦੇ ਆਧਾਰ 'ਤੇ ਅਗਲੀ ਕਾਨੂੰਨੀ ਕਾਰਵਾਈ ਨੂੰ ਅਮਲ ਵਿੱਚ ਲਿਆਂਦਾ ਜਾਵੇਗਾ।

ਸੀ ਪੀ ਆਈ ਹਰੇਕ ਮਨੁੱਖ ਦੀ ਖੁਸ਼ਹਾਲੀ ਵਾਸਤੇ ਪਦ ਯਾਤਰਾ ਕਰ ਰਹੀ : ਮਾਝੀਮੇਘਾ

ਕੋਟ ਫਤੂਹੀ (ਨਜ਼ਮ)-ਸੀਪੀਆਈ ਦੀ ਜਨਰਲ ਬਾਡੀ ਮੀਟਿੰਗ ਸਾਧੂ ਰਾਮ ਦੀ ਪ੍ਰਧਾਨਗੀ ਹੇਠ ਕੋਟ ਫਤੂਹੀ ਵਿਖੇ ਹੋਈ। ਸੋਬੋਧਨ ਕਰਦਿਆਂ ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾਝੀਮੇਘਾ ਨੇ ਕਿਹਾ ਕਿ ਸੀਪੀਆਈ ਦੇਸ਼ ਭਰ ਵਿੱਚ ਬੀਜੇਪੀ ਦੀਆਂ ਲੋਕ ਮਾਰੂ ਨੀਤੀਆਂ ਵਿਰੁੱਧ ਅਤੇ ਰੁਜ਼ਗਾਰ, ਵਿੱਦਿਆ, ਸਿਹਤ ਤੇ ਘਰ ਦੀ ਪ੍ਰਾਪਤੀ ਲਈ ਪਦ ਯਾਤਰਾ ਭਾਵ ਜਥਾ ਮਾਰਚ ਕਰ ਰਹੀ ਹੈ। ਮਾਝੀਮੇਘਾ ਨੇ ਕਿਹਾ ਕਿ ਇਸ ਵਾਰ ਦੇਸ਼ ਨੂੰ ਖੁਸ਼ਹਾਲ ਬਣਾਉਣ ਲਈ ਮੋਦੀ ਦੀ ਫਾਸ਼ੀਵਾਦੀ ਨੀਤੀ ਨੂੰ ਭਾਂਜ ਦਿੱਤੀ ਜਾਵੇ। ਦੇਸ਼ ਵਿੱਚ ਅਜਿਹਾ ਰਾਜ ਪ੍ਰਬੰਧ ਕਾਇਮ ਕਰਨ ਦੀ ਲੋੜ ਹੈ ਜਿਸ ਵਿੱਚ ਹਰੇਕ ਮਨੁੱਖ ਖੁਸ਼ਹਾਲ ਹੋਵੇ। ਖੁਸ਼ਹਾਲੀ ਤਾਂ ਹੀ ਪਰਤ ਸਕਦੀ ਹੈ ਜੇਕਰ ਹਰੇਕ ਵਿਅਕਤੀ ਨੂੰ ਰੁਜ਼ਗਾਰ ਮਿਲੇਗਾ। ਰੁਜ਼ਗਾਰ ਦੀ ਪ੍ਰਾਪਤੀ ਨਾਲ ਬਜ਼ਾਰ ਵੀ ਚੱਲੇਗਾ ਕਿਉਂਕਿ ਪੈਸੇ ਨਾਲ ਹੀ ਹਰੇਕ ਚੀਜ਼ ਖਰੀਦੀ ਜਾ ਸਕਦੀ ਹੈ। ਲੋਕਾਂ ਦੀ ਖਰੀਦ ਸ਼ਕਤੀ ਵਧੇਗੀ। ਹੁਣ ਜੋ ਦੁਕਾਨਦਾਰ ਇਹ ਕਹਿੰਦਾ ਹੈ ਕਿ ਸਵੇਰ ਦਾ ਕੋਈ ਗਾਹਕ ਨਹੀਂ ਆਇਆ, ਇਹ ਨਹੀਂ ਕਹੇਗਾ। ਸਾਡੀ ਪਾਰਟੀ ਨੂੰ ਨੌਜਵਾਨ ਸਭਾ, ਇਸਤਰੀ ਸਭਾ, ਮਜ਼ਦੂਰ ਸਭਾ, ਦੁਕਾਨਦਾਰ ਯੂਨੀਅਨ ਤੇ ਕਿਸਾਨ ਸਭਾ ਉਸਾਰਨੀ ਚਾਹੀਦੀ ਹੈ ਤਾਂ ਹੀ ਪਾਰਟੀ ਮਜ਼ਬੂਤ ਹੋਵੇਗੀ। ਮੀਟਿੰਗ ਨੂੰ ਕਾਮਰੇਡ ਹਰਬੰਸ ਸਿੰਘ ਪਥਰਾਲਾ, ਰਜੇਸ਼ ਕੁਮਾਰ ਚਾਵਲਾ ਕੋਟ ਫਤੂਹੀ, ਬਲਜੀਤ ਕੁਮਾਰ ਮਾਹਲਪੁਰ, ਨਰਿੰਦਰ ਪਾਲ ਸਿੰਘ ਮੁਗੂਪੱਟੀ, ਭੀਮ ਸੈਨ ਸਲੇਮਪੁਰ, ਬੀਰ ਸਿੰਘ ਮਾਹਲਪੁਰ, ਸਤਨਾਮ ਸਿੰਘ ਡਾਂਡੀਆਂ, ਭੁਪਿੰਦਰ ਸਿੰਘ ਭਾਲਟਾ ਤੇ ਮਨਜੀਤ ਸਿੰਘ ਸਰਹਾਲਾ ਖੁਰਦ ਨੇ ਵੀ ਸੰਬੋਧਨ ਕੀਤਾ।

ਹਥਿਆਰਾਂ ਦੀ ਨੋਕ 'ਤੇ ਵਾਹਨ ਖੋਹਣ ਵਾਲੇ ਗਿਰੋਹ ਦੇ ਦੋ ਮੈਂਬਰ ਗ੍ਰਿਫ਼ਤਾਰ

ਭਿੱਖੀਵਿੰਡ/ਤਰਨਤਾਰਨ/ਖਾਲੜਾ(ਲਖਵੰਦਰ ਸਿੰਘ ਗੋਲਣ/ਪ੍ਰਿਤਪਾਲ ਸਿੰਘ/ਰਣਬੀਰ ਸਿੰਘ ਗੋਲਣ) ਹਥਿਆਰਾਂ ਦੀ ਨੋਕ 'ਤੇ ਵਾਹਨ ਖੋਹਣ ਵਾਲੇ ਗਿਰੋਹ ਦੇ ਦੋ ਮੁਲਜ਼ਮਾਂ ਨੂੰ ਇੱਕ ਕਾਰ, ਦੋ ਮੋਟਰਸਾਈਕਲ, ਇੱਕ ਪਿਸਤੌਲ, 300 ਗ੍ਰਾਮ ਹੈਰੋਇਨ ਅਤੇ 4 ਜ਼ਿੰਦਾ ਕਾਰਤੂਸ ਬਰਾਮਦ ਕਰਨ ਵਿੱਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਸਥਾਨਕ ਪੁਲਸ ਨੇ ਦੋਵਾਂ ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਦਾ ਮਾਣਯੋਗ ਅਦਾਲਤ ਪਾਸੋਂ ਰਿਮਾਂਡ ਹਾਸਲ ਕਰਨ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ, ਦੱਸਿਆ ਇਹ ਵੀ ਜਾ ਰਿਹਾ ਹੈ ਕਿ ਅਦਾਲਤ ਵੱਲੋਂ ਉਕਤ ਮੁਲਜ਼ਮਾਂ ਦਾ ਰਿਮਾਂਡ ਦੇਣ ਤੋਂ ਬਾਅਦ ਹੋਰ ਵੀ ਕਈ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਇਸ ਮਾਮਲੇ ਸੰਬੰਧੀ ਐੱਸ.ਐੱਸ.ਪੀ ਦਫਤਰ ਵਿਖੇ ਕੀਤੀ ਪ੍ਰੈੱਸ ਕਾਨਫਰੰਸ ਵਿੱਚ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਐੱਸ. ਪੀ. ਇਨਵੈਸਟੀਗੇਸ਼ਨ ਵਿਸ਼ਾਲ ਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਦੇ ਐੱਸ. ਐੱਸ. ਪੀ. ਗੁਰਮੀਤ ਸਿੰਘ ਚੌਹਾਨ ਵੱਲੋਂ ਮਾੜੇ ਅਨਸਰਾਂ ਖਿਲਾਫ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਸਮੂਹ ਕਰਮਚਾਰੀਆਂ ਨੂੰ ਸਖਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਵਿਸ਼ਾਲਜੀਤ ਸਿੰਘ ਨੇ ਦੱਸਿਆ ਕਿ

ਬੀਤੇ 48 ਘੰਟੇ ਪਹਿਲਾਂ ਨਵੀਨ ਚੰਦੇਲ ਪੁੱਤਰ ਕਿਸ਼ੋਰੀ ਚੰਦੇਲ ਨਿਵਾਸੀ ਪਿੰਡ ਮਲਾਵਰ ਹਿਮਾਚਲ ਪ੍ਰਦੇਸ਼ ਦੀ ਕਾਰ 3 ਨਕਾਬਪੋਸ਼ਾਂ ਵੱਲੋਂ ਖੋਹ ਲਈ ਗਈ ਸੀ। ਵਿਸ਼ਾਲਜੀਤ ਸਿੰਘ ਨੇ ਦੱਸਿਆ ਕਿ ਇਸ ਬਾਬਤ ਥਾਣਾ ਚੋਹਲਾ ਸਾਹਿਬ ਦੀ ਪੁਲਸ ਨੇ 3 ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰਦੇ ਹੋਏ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਥਾਣਾ ਚੋਹਲਾ ਸਾਹਿਬ ਦੀ ਪੁਲਸ ਵੱਲੋਂ ਪੁਲ ਘੜਕਾ ਨਜ਼ਦੀਕ ਨਾਕਾਬੰਦੀ ਕਰਦੇ ਹੋਏ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਦੀ ਪਛਾਣ ਲਵਪ੍ਰੀਤ ਸਿੰਘ ਉਰਫ ਲਵਲੀ ਪੁੱਤਰ ਜਰਨੈਲ ਸਿੰਘ ਵਾਸੀ ਠੱਠੀਆਂ ਮਹੰਤਾਂ ਅਤੇ ਪਵਨਦੀਪ ਸਿੰਘ ਪੁੱਤਰ ਰਘਬੀਰ ਸਿੰਘ ਵਾਸੀ ਦਰਗਾਪੁਰ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਪਾਸੋਂ ਪੁੱਛਗਿੱਛ ਦੌਰਾਨ ਇਕ 32 ਬੋਰ ਪਿਸਤੌਲ, ਚਾਰ ਜ਼ਿੰਦਾ ਰੌਂਦ, 2 ਮੋਟਰਸਾਈਕਲ, ਪਿਸਤੌਲ ਦੀ ਨੋਕ 'ਤੇ ਖੋਹੀ ਗਈ ਕਾਰ ਨੂੰ ਬਰਾਮਦ ਕੀਤਾ ਗਿਆ ਹੈ। ਟ੍ਰੈਫਿਕ ਪੁਲਸ ਨੇ ਨਾਬਾਲਿਗ ਬੱਚੇ ਨੂੰ ਈ-ਰਿਕਸ਼ਾ ਚਲਾਉਂਦੇ ਰੋਕਿਆ। ਮੁਲਜ਼ਮ ਲਵਪ੍ਰੀਤ ਸਿੰਘ ਪਾਸੋਂ ਪੁੱਛਗਿੱਛ ਦੌਰਾਨ 300 ਗ੍ਰਾਮ ਹੈਰੋਇਨ ਵੀ ਬਰਾਮਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਬਰਾਮਦ ਕੀਤੇ ਗਏ ਮੋਟਰਸਾਈਕਲਾਂ ਵਿੱਚੋਂ ਇੱਕ ਮੋਟਰਸਾਈਕਲ ਬੀਤੇ ਦਿਨੀਂ ਸਰਹਾਲੀ ਨਜ਼ਦੀਕ ਲਵਪ੍ਰੀਤ ਸਿੰਘ ਵੱਲੋਂ ਖੋਹ ਲਿਆ ਗਿਆ ਸੀ, ਜਿਸ ਨੂੰ ਬਰਾਮਦ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਦੋਸ਼ੀਆਂ ਦਾ ਮਾਣਯੋਗ ਅਦਾਲਤ ਪਾਸੋਂ ਰਿਮਾਂਡ ਹਾਸਲ ਕਰਕੇ ਕੋਈ ਅਗਲੇਰੀ ਪੁੱਛਗਿੱਛ ਕੀਤੀ ਜਾਵੇਗੀ।

ਹਰਵਿੰਦਰ ਹੈਰੀ ਅੰਤਰਰਾਸ਼ਟਰੀ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਦੇ ਜ਼ਿਲ੍ਹਾ ਯੂਥ ਪ੍ਰਧਾਨ ਬਣੇ

ਤਰਨਤਾਰਨ (ਸਾਗਰਦੀਪ ਸਿੰਘ ਅਰੋੜਾ)-ਅੰਤਰਰਾਸ਼ਟਰੀ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਦੀ ਵਿਸ਼ੇਸ਼ ਮੀਟਿੰਗ ਪੰਜਾਬ ਪ੍ਰਧਾਨ ਅਰਵਿੰਦਰਪਾਲ ਸਿੰਘ ਦੀ ਅਗਵਾਈ ਹੇਠ ਕੀਤੀ ਗਈ ਜਿਸ ਵਿੱਚ ਕਈ ਤਰ੍ਹਾਂ ਦਾ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਸਰਬਸੰਮਤੀ ਨਾਲ ਪੰਜਾਬ ਪ੍ਰਧਾਨ ਵੱਲੋਂ ਨੌਜਵਾਨ ਆਗੂ ਹਰਵਿੰਦਰ ਹੈਰੀ ਨੂੰ ਅੰਤਰਰਾਸ਼ਟਰੀ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਦਾ ਜ਼ਿਲ੍ਹਾ ਤਰਨ ਤਾਰਨ ਤੋਂ ਯੂਥ ਵਿੰਗ ਪ੍ਰਧਾਨ ਨਿਯੁਕਤ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਪ੍ਰਧਾਨ ਅਰਵਿੰਦਰਪਾਲ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਆਰਗੇਨਾਈਜ਼ੇਸ਼ਨ ਹਮੇਸ਼ਾ ਲੋਕਾਂ ਦੇ ਹੱਕਾਂ ਲਈ ਲੜਦੀ ਆਈ ਹੈ ਅਤੇ ਭਵਿੱਖ ਵਿੱਚ ਵੀ ਲੜਦੀ ਰਹੇਗੀ। ਉਨਾਂ ਕਿਹਾ ਉਨਾਂ ਵੱਲੋਂ ਸਮੇਂ ਸਮੇਂ 'ਤੇ ਲੋਕਾਂ ਨੂੰ ਉਨ੍ਹਾਂ ਦੇ ਹੱਕਾ ਪ੍ਰਤੀ ਜਾਗਰੂਕਤ ਕੀਤਾ ਜਾਵੇਗਾ ਤਾਂ ਜੋ ਪ੍ਰਸ਼ਾਸਨ ਜਾਂ ਸਿਆਸੀ ਪਾਰਟੀਆਂ ਮਨੁੱਖੀ ਅਧਿਕਾਰਾ ਦਾ ਘਾਣ ਨਾ ਕਰਨ ਤੇ ਲੋਕਾਂ ਨਾਲ ਕਿਸੇ ਵੀ ਪ੍ਰਕਾਰ ਦੀ ਧੱਕੇਸ਼ਾਹੀ ਨਾ ਹੋਵੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅੰਤਰਰਾਸ਼ਟਰੀ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਨਾਲ ਵੱਧ ਤੋਂ ਵੱਧ ਜੁੜਨ ਤਾਂ ਜੋ ਉਨਾਂ ਦੇ ਹੱਕਾਂ ਪ੍ਰਤੀ ਉਨਾਂ ਨੂੰ ਜਾਗਰੂਕ ਕੀਤਾ ਜਾਵੇ। ਇਸ ਮੌਕੇ ਨਵ-ਨਿਯੁਕਤ ਜ਼ਿਲ੍ਹਾ ਯੂਥ ਵਿੰਗ ਪ੍ਰਧਾਨ ਹਰਵਿੰਦਰ ਹੈਰੀ ਨੇ ਕਿਹਾ ਕਿ ਸੰਸਥਾਂ ਵੱਲੋਂ ਜੋ ਜ਼ਿੰਮੇਵਾਰੀ ਉਹਨਾਂ ਨੂੰ ਸੌਂਪੀ ਗਈ ਹੈ ਉਸਨੂੰ ਉਹ ਪੂਰੀ ਇਮਾਨਦਾਰੀ ਨਾਲ ਨਭਾਉਣਗੇ।

ਵਿਸ਼ਵ ਮਲੇਰੀਆ ਦਿਵਸ ਮਨਾਇਆ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਸਿਵਲ ਸਰਜਨ ਗੁਰਦਾਸਪੁਰ ਡਾਕਟਰ ਹਰਭਜਨ ਰਾਮ ਮਾਂਡੀ ਦੀਆਂ ਸਖਤ ਹਦਾਇਤਾਂ ਅਨੁਸਾਰ ਅਤੇ ਐਸਐਮਓ ਡਾਕਟਰ ਨੀਲਮ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਹੈਲਥ ਇੰਸਪੈਕਟਰ ਦਲੀਪ ਰਾਜ ਦੀ ਯੋਗ ਅਗਵਾਈ ਹੇਠ 25 ਅਪਰੈਲ ਨੂੰ ਬਲਾਕ ਕਾਹਨੂੰਵਾਨ ਵਿਖੇ ਵਿਸਵ ਮਲੇਰੀਆ ਦਿਵਸ ਮਨਾਇਆ ਗਿਆ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਕਾਹਨੂੰਵਾਨ ਵਿਖੇ ਸਕੂਲੀ ਬੱਚਿਆਂ ਨੂੰ ਮਲੇਰੀਆ ਤੋਂ ਬਚਾਅ ਲਈ ਜਾਗਰੂਕ ਕੀਤਾ ਗਿਆ। ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਦਲੀਪ ਰਾਜ ਹੈਲਥ ਇੰਸਪੈਕਟਰ ਨੇ ਦੱਸਿਆ ਕਿ ਆਪਣੇ ਘਰਾਂ ਦੇ ਆਲੇ ਦੁਆਲੇ, ਗਮਲਿਆਂ, ਟੁੱਟੇ ਭੱਜੇ ਬਰਤਨ, ਟਾਇਰਾ, ਕੂਲਰਾਂ, ਫਰਿਜਾਂ ਦੀ ਟਰੇਆਂ ਆਦਿ ਵਿੱਚ ਸਾਫ ਪਾਣੀ ਖੜ੍ਹਾ ਨਾ ਹੋਣ ਦਿਓ। ਇਸਨੂੰ ਨਸ਼ਟ ਕੀਤਾ ਜਾਵੇ ਜਾਂ ਸੜਿਆ ਤੇਲ ਪਾਇਆ ਜਾਵੇ। ਬੁਖਾਰ ਹੋਣ ਤੇ ਨੇੜੇ ਦੇ ਸਿਹਤ ਕੇਂਦਰ ਤੋਂ ਖੂਨ ਦੀ ਜਾਂਚ ਕਰਵਾਈ ਜਾਵੇ। ਇਸ ਮੌਕੇ ਸਿਹਤ ਕਰਮਚਾਰੀ ਰਣਜੀਤ ਸਿੰਘ ਅਤੇ ਜਸਪਾਲ ਸਿੰਘ, ਸੁਖਬੀਰ ਸਿੰਘ ਅਧਿਆਪਕ ਹਾਜ਼ਰ ਸਨ।

ਪ੍ਰਧਾਨ ਚੀਮਾ ਨੂੰ ਸਦਮਾ, ਛੋਟੇ ਭਰਾ ਦਾ ਦਿਹਾਂਤ

ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੇ ਜ਼ਿਲ੍ਹਾ ਤਰਨਤਾਰਨ ਦੇ ਪ੍ਰਧਾਨ ਨਛੱਤਰ ਸਿੰਘ ਚੀਮਾਂ ਨੂੰ ਉਸ ਵੇਲੇ ਵੱਡਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਭਰਾ ਸ਼ਰਨਜੀਤ ਸਿੰਘ ਦੀ ਬੀਤੇ ਦਿਨੀਂ ਐਕਸੀਡੈਂਟ ਦੌਰਾਨ ਮੌਤ ਹੋ ਗਈ। ਸ਼ਰਨਜੀਤ ਸਿੰਘ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਗੁਰਦੁਆਰਾ ਬਾਬਾ ਬੀਰ ਸਿੰਘ ਪੱਟੀ ਮੋੜ ਵਿਖੇ 27 ਅਪ੍ਰੈਲ ਨੂੰ ਪੈਣਗੇ। ਪ੍ਰਧਾਨ ਨਛੱਤਰ ਸਿੰਘ ਚੀਮਾਂ ਵੱਲੋਂ ਸਾਰੀ ਸੰਗਤ ਨੂੰ ਸ਼ਰਨਜੀਤ ਸਿੰਘ ਦੀ ਅੰਤਿਮ ਅਰਦਾਸ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।

ਮਾਨ ਸਰਕਾਰ ਪੰਜਾਬ ਦੇ ਸਰਬਪੱਖੀ ਵਿਕਾਸ ਲਈ ਦਿਨ-ਰਾਤ ਯਤਨਸ਼ੀਲ : ਡਾ. ਗੁਪਤਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਸਰਕਾਰ ਪੰਜਾਬ ਦੇ ਸਰਬਪੱਖੀ ਵਿਕਾਸ ਲਈ ਯਤਨਸ਼ੀਲ ਹੈ ਅਤੇ ਸੂਬੇ ਦੇ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੇਂਦਰੀ ਹਲਕੇ ਦੇ ਵਿਧਾਇਕ ਡਾ. ਅਜੇ ਗੁਪਤਾ ਨੇ ਅੱਜ ਵਾਰਡ ਨੰਬਰ 69 ਦੇ ਅਧੀਨ ਪੈਂਦੇ ਇਲਾਕੇ ਅਨ੍ਹਗੜ੍ਹ ਵਿੱਖੇ 1.5 ਕਰੋੜ ਰੁਪਏ ਦੀ ਲਾਗਤ ਨਾਲ ਅਤੇ ਵਾਰਡ ਨੰ: 71 ਅਧੀਨ ਪੈਂਦੇ ਇਲਾਕੇ ਫਤਾਹਪੁਰ ਵਿਖੇ 50 ਲੱਖ ਰੁਪਏ ਦੀ ਲਾਗਤ ਨਾਲ ਪੁੱਟਪਾਥ 'ਤੇ ਟਾਈਲਾਂ ਲਗਾਉਣ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਉਪਰੰਤ ਕੀਤਾ।

ਵਿਧਾਇਕ ਗੁਪਤਾ ਨੇ ਦੱਸਿਆ ਕਿ ਇਹ ਦੋਵੇਂ ਇਲਾਕੇ ਵਿਕਾਸ ਵਜੋਂ ਕਾਫ਼ੀ ਪਿਛੜੇ ਹੋਏ ਹਨ ਅਤੇ ਇਨ੍ਹਾਂ ਇਲਾਕਿਆਂ ਦਾ ਪਹਿਲ ਦੇ ਆਧਾਰ ਤੇ ਵਿਕਾਸ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵਿਕ

26-April-PAGE-4.qxd 4/25/2023 10:59 PM Page 1

ਨਵਾਂ ਜ਼ਮਾਨਾ
ਬੁੱਧਵਾਰ, 26 ਅਪ੍ਰੈਲ 2023

ਨੌਜਵਾਨਾਂ ਦੇ ਹੱਥਾਂ 'ਚ ਦੇਸ਼ ਦਾ ਭਵਿੱਖ

ਅੱਜ ਜਦੋਂ ਮੋਦੀ ਦੇ ਦੂਜੇ ਕਾਰਜਕਾਲ ਦਾ ਆਖਰੀ ਸਾਲ ਆ ਗਿਆ ਹੈ, ਤਾਂ ਸਾਡੇ ਸਾਹਮਣੇ ਭਾਜਪਾ ਰਾਜ ਦੇ 9 ਸਾਲਾਂ ਦਾ ਲੇਖਾ-ਜੋਖਾ ਕਰਨ ਦਾ ਵੇਲਾ ਹੈ। ਉਂਜ ਤਾਂ ਹਰ ਚੋਣ ਤੋਂ ਪਹਿਲਾਂ ਜਨਤਾ ਸੱਤਾਧਾਰੀਆਂ ਦੀਆਂ ਕਾਰਗੁਜ਼ਾਰੀਆਂ ਬਾਰੇ ਵਿਚਾਰ ਕਰਕੇ ਹੀ ਤੈਅ ਕਰਦੀ ਹੈ ਕਿ ਇਸ ਵਾਰ ਕਿਸ ਨੂੰ ਸੱਤਾ ਸੌਂਪਣੀ ਹੈ, ਪਰ 2024 ਦੀਆਂ ਚੋਣਾਂ ਹੁਣ ਤੱਕ ਹੋਈਆਂ ਸਭ ਚੋਣਾਂ ਤੋਂ ਵੱਖਰੀਆਂ ਹਨ। ਇਸ ਵਾਰ ਸਾਡੀ ਆਮ ਜ਼ਿੰਦਗੀ ਦੇ ਮਸਲੇ ਹੀ ਸਾਡੇ ਸਾਹਮਣੇ ਨਹੀਂ ਸਗੋਂ ਲੋਕਤੰਤਰ ਤੇ ਦੇਸ਼ ਨੂੰ ਤਾਨਾਸ਼ਾਹੀ ਹਾਕਮਾਂ ਤੋਂ ਬਚਾਉਣ ਦਾ ਮੁੱਦਾ ਮੁੱਖ ਚੋਣ ਏਜੰਡਾ ਬਣਿਆ ਹੋਇਆ ਹੈ। ਜੇਕਰ ਲੋਕਤੰਤਰ ਹੀ ਨਾ ਰਿਹਾ ਤਾਂ ਸਭ ਤਬਕਿਆਂ ਦੇ ਹਿੱਤਾਂ ਦੀਆਂ ਲੜਾਈਆਂ ਦਾ ਵੀ ਭੋਗ ਪੈ ਜਾਵੇਗਾ।

ਸੁਭਾਵਿਕ ਤੌਰ 'ਤੇ ਇਸ ਵਿਸ਼ੇਸ਼ ਪ੍ਰਸਥਿਤੀ ਵਿੱਚ ਸਭ ਜਾਗਰੂਕ ਵਰਗਾਂ, ਜਮਹੂਰੀ ਸੰਸਥਾਵਾਂ ਤੇ ਸਿਆਸੀ ਧਿਰਾਂ ਨੂੰ ਸੁਚੇਤ ਹੋ ਕੇ ਅੱਗੇ ਵਧਣ ਦੀ ਲੋੜ ਹੈ। ਇਸ ਸਮੇਂ ਸਭ ਵਿਰੋਧੀ ਧਿਰਾਂ ਪੂਰੀ ਸਰਗਰਮੀ ਨਾਲ ਏਕਤਾਬੱਧ ਹੋਣ ਲਈ ਜਤਨਸ਼ੀਲ ਹਨ। ਇਨ੍ਹਾਂ ਜਤਨਾਂ ਵਿੱਚ ਸਮੁੱਚੇ ਲੋਕਾਂ ਦਾ ਸ਼ਾਮਲ ਹੋਣਾ ਮੁੱਖ ਫ਼ਰਜ਼ ਹੈ, ਪਰ ਸਭ ਤੋਂ ਜ਼ਰੂਰੀ ਦੇਸ਼ ਦੇ ਨੌਜਵਾਨਾਂ ਦੀ ਭੂਮਿਕਾ ਹੋਵੇਗੀ। ਆਉਣ ਵਾਲਾ ਭਵਿੱਖ ਨੌਜਵਾਨ ਪੀੜ੍ਹੀ ਦਾ ਹੈ, ਉਹ ਦੇਸ਼ ਨੂੰ ਜਿੱਦਾਂ ਦਾ ਬਣਾਉਣਗੇ, ਉਸੇ ਤਰ੍ਹਾਂ ਦੀ ਜ਼ਿੰਦਗੀ ਜੀਅ ਸਕਣਗੇ। ਪੰਜਾਬੀ ਦੇ ਮੁਹਾਵਰੇ ਵਾਂਗ ਜੋ ਬੀਜਣਗੇ, ਉਹੀ ਵੱਢਣਗੇ।

ਇਹ ਨੌਜਵਾਨ ਪੀੜ੍ਹੀ ਹੀ ਸੀ, ਜਿਸ ਨੇ ਕਾਂਗਰਸ ਦੇ ਭ੍ਰਿਸ਼ਟਾਚਾਰ ਤੋਂ ਤੰਗ ਆ ਕੇ ਬੜੀਆਂ ਉਮੀਦਾਂ ਨਾਲ ਮੋਦੀ ਨੂੰ ਸੱਤਾ ਸੌਂਪੀ ਸੀ। ਇਨ੍ਹਾਂ ਨੌਜਵਾਨ ਵੋਟਰਾਂ ਨੂੰ ਭਰਮਾਉਣ ਲਈ ਹੀ ਮੋਦੀ ਨੇ ਹਰ ਸਾਲ ਦੋ ਕਰੋੜ ਨੌਕਰੀਆਂ ਦਾ ਲਾਰਾ ਲਾਇਆ ਸੀ। ਮੋਦੀ ਦੀਆਂ ਰੈਲੀਆਂ ਵਿੱਚ ਮੋਦੀ-ਮੋਦੀ ਦੇ ਨਾਅਰੇ ਨੌਕਰੀਆਂ ਦੀ ਆਸ ਪਾਲੀ ਬੈਠੇ ਦੇਸ਼ ਦੇ ਨੌਜਵਾਨ ਹੀ ਲਾਉਂਦੇ ਸਨ। ਅੱਜ ਨੌਂ ਸਾਲ ਬੀਤ ਜਾਣ ਬਾਅਦ ਨੌਜਵਾਨਾਂ ਦੇ ਰੁਜ਼ਗਾਰ ਹਾਸਲ ਕਰ ਲੈਣ ਦੇ ਸੁਫ਼ਨੇ ਚਕਨਾਚੂਰ ਹੋ ਚੁੱਕੇ ਹਨ। ਮੋਦੀ ਸਰਕਾਰ ਦੀ ਵਿਨਾਸ਼ਕਾਰੀ ਆਰਥਕ ਨੀਤੀ ਨੇ ਹੋਰ ਰੁਜ਼ਗਾਰ ਤਾਂ ਕੀ ਪੈਦਾ ਕਰਨੇ ਸੀ, ਸਗੋਂ ਰੁਜ਼ਗਾਰ ਖੋਹਣ ਦਾ ਕੰਮ ਕੀਤਾ ਹੈ। ਇਸੇ ਕਾਰਨ ਬੇਰੁਜ਼ਗਾਰੀ ਦੇ ਖੌਫ਼ਨਾਕ ਸੱਚ ਨੂੰ ਲੁਕੋਣ ਲਈ ਸਰਕਾਰ ਨੇ ਬੇਰੁਜ਼ਗਾਰੀ ਦੇ ਅੰਕੜੇ ਦੇਣੇ ਹੀ ਬੰਦ ਕਰ ਦਿੱਤੇ ਹਨ।

ਹਕੀਕਤ ਇਹ ਹੈ ਕਿ ਹਰ ਸਾਲ ਦੋ ਕਰੋੜ ਨੌਕਰੀਆਂ ਦੇਣ ਦਾ ਵਾਅਦਾ ਕਰਕੇ ਸੱਤਾ ਵਿੱਚ ਆਏ ਮੋਦੀ ਸਾਹਿਬ ਪਿਛਲੇ 8 ਸਾਲਾਂ ਦੌਰਾਨ ਸਿਰਫ਼ 7 ਲੱਖ ਨੌਜਵਾਨਾਂ ਨੂੰ ਨੌਕਰੀਆਂ ਦੇ ਸਕੇ ਹਨ, ਇਨ੍ਹਾਂ ਨੌਕਰੀਆਂ ਲਈ 22 ਕਰੋੜ ਨੌਜਵਾਨਾਂ ਨੇ ਅਰਜ਼ੀਆਂ ਦਿੱਤੀਆਂ ਸਨ। ਸਰਕਾਰ ਨੇ ਆਪ ਮੰਨਿਆ ਹੈ ਕਿ ਇਕੱਲੀ ਕੇਂਦਰ ਸਰਕਾਰ ਅਧੀਨ 10 ਲੱਖ ਤੇ ਰੇਲਵੇ ਵਿੱਚ 3.12 ਲੱਖ ਅਸਾਮੀਆਂ ਖਾਲੀ ਹਨ। ਹੁਣ ਚੋਣਾਂ ਦੇ ਮੱਦੇਨਜ਼ਰ ਮੋਦੀ ਅਗਲੇ 1 ਸਾਲ ਅੰਦਰ 10 ਲੱਖ ਅਹੁਦੇ ਪੁਰ ਕਰਨ ਦਾ ਵਾਅਦਾ ਕਰ ਰਿਹਾ ਹੈ। ਨੌਜਵਾਨਾਂ ਵਿੱਚ ਬੇਉਮੀਦੀ ਇਸ ਕਦਰ ਹੈ ਕਿ ਉਨ੍ਹਾਂ ਨੌਕਰੀਆਂ ਮੰਗਣੀਆਂ ਹੀ ਬੰਦ ਕਰ ਦਿੱਤੀਆਂ ਹਨ। ਰੁਜ਼ਗਾਰ ਮੰਗਣ ਵਾਲੇ ਨੌਜਵਾਨਾਂ ਦਾ ਗਰਾਫ਼ ਅੱਜ ਕਿਰਤ ਸ਼ਕਤੀ ਦਾ 40 ਫ਼ੀਸਦੀ ਪਹੁੰਚ ਗਿਆ, ਜੋ ਬਾਕੀ ਦੇਸ਼ਾਂ ਵਿੱਚ 60 ਫ਼ੀਸਦੀ ਹੈ।

ਬੇਰੁਜ਼ਗਾਰੀ ਦਾ ਹੱਲ ਕਰਨ ਦੀ ਥਾਂ ਤਾਨਾਸ਼ਾਹੀ ਹਾਕਮਾਂ ਨੇ ਅੱਜ ਨੌਜਵਾਨ ਪੀੜ੍ਹੀ ਦੇ ਹੱਥਾਂ ਵਿੱਚ ਤ੍ਰਿਸ਼ੂਲ ਤੇ ਤਲਵਾਰਾਂ ਫੜਾ ਦਿੱਤੀਆਂ ਹਨ। ਗਰੀਬ ਪਰਵਾਰਾਂ ਦੇ ਇਹ ਨੌਜਵਾਨ ਦੂਜੇ ਧਰਮਾਂ ਤੇ ਫਿਰਕਿਆਂ ਦੀਆਂ ਦੁਕਾਨਾਂ ਤੇ ਘਰਾਂ ਵਿੱਚ ਲੁੱਟਮਾਰ ਕਰਨ ਵਿੱਚ ਲਾ ਦਿੱਤੇ ਗਏ ਹਨ। ਇਹ ਦੇਸ਼ ਦੀ ਨੌਜਵਾਨ ਪੀੜ੍ਹੀ ਦੇ ਉਹ ਬਦਕਿਸਮਤ ਹਿੱਸੇ ਹਨ, ਜਿਨ੍ਹਾਂ ਦੇ ਦਿਮਾਗਾਂ ਵਿੱਚ ਨਫ਼ਰਤ ਭਰ ਕੇ ਉਨ੍ਹਾਂ ਨੂੰ ਅਪਰਾਧ ਦੀ ਦੁਨੀਆ ਦੇ ਹਵਾਲੇ ਕੀਤਾ ਜਾ ਰਿਹਾ ਹੈ। ਇਹ ਹੀ ਕੱਲ੍ਹ ਨੂੰ ਗੈਂਗਸਟਰ ਤੇ ਮਾਫ਼ੀਆ ਟੋਲਿਆਂ ਦਾ ਹਿੱਸਾ ਬਣ ਜਾਣਗੇ। ਫਾਸ਼ੀਵਾਦੀਆਂ ਦੀ ਇਹ ਨੀਤੀ ਹੁੰਦੀ ਹੈ ਕਿ ਨਵੀਂ ਪੀੜ੍ਹੀ ਨੂੰ ਸਿੱਖਿਆ, ਰੁਜ਼ਗਾਰ ਤੇ ਸਮਾਜਕ ਕਦਰਾਂ ਤੋਂ ਵਾਂਝਿਆਂ ਕਰਕੇ ਫਾਸ਼ੀਵਾਦੀ ਗਰੋਹਾਂ ਤੇ ਭਾੜੇ ਦੇ ਕਾਤਲਾਂ ਦੀ ਇੱਕ ਫੌਜ ਖੜ੍ਹੀ ਕਰ ਲੈਣ। ਅਜਿਹੇ ਨੌਜਵਾਨ ਧਾਰਮਕ ਕੱਟੜਵਾਦੀਆਂ ਤੇ ਨਫ਼ਰਤੀ ਸਿਆਸਤਦਾਨਾਂ ਲਈ ਸੱਤਾ ਉੱਤੇ ਪਹੁੰਚਣ ਵਿੱਚ ਸਹਾਈ ਹੁੰਦੇ ਹਨ। ਇਹ ਸਥਿਤੀ ਕਿਸੇ ਵੀ ਦੇਸ਼ ਤੇ ਉਸ ਦੇ ਸਮਾਜ ਲਈ ਆਤਮਘਾਤੀ ਹੁੰਦੀ ਹੈ।

ਇਸ ਨਿਰਾਸ਼ਾਮਈ ਹਾਲਤ ਵਿੱਚ ਦੇਸ਼ ਦੀਆਂ 100 ਤੋਂ ਵੱਧ ਨੌਜਵਾਨ ਜਥੇਬੰਦੀਆਂ ਨੇ ਮਿਲ ਕੇ ਰੁਜ਼ਗਾਰ ਨੂੰ ਕਾਨੂੰਨੀ ਅਧਿਕਾਰ ਬਣਾਉਣ ਦੀ ਮੰਗ ਨੂੰ ਲੈ ਕੇ 'ਸੰਯੁਕਤ ਨੌਜਵਾਨ ਮੋਰਚੇ' ਦਾ ਗਠਨ ਕੀਤਾ ਹੈ। ਇਸ ਨੂੰ ਹੋਰ ਮਜ਼ਬੂਤ ਬਣਾਉਣ ਲਈ ਮਜ਼ਦੂਰਾਂ, ਖੇਤ ਮਜ਼ਦੂਰਾਂ, ਇਸਤਰੀ ਸੰਗਠਨਾਂ ਤੇ ਕਿਸਾਨ ਅੰਦੋਲਨ ਨਾਲ ਜੁੜੀਆਂ ਜਥੇਬੰਦੀਆਂ ਨੂੰ ਸ਼ਾਮਲ ਕਰਕੇ ਇੱਕ ਵਿਸ਼ਾਲ 'ਲੋਕਤੰਤਰ ਬਚਾਓ ਮੋਰਚੇ' ਦਾ ਗਠਨ ਸਮੇਂ ਦੀ ਮੁੱਖ ਲੋੜ ਹੈ। ਇਹੋ ਮੋਰਚਾ ਹੀ ਆਪਣੀ ਇਤਿਹਾਸਕ ਭੂਮਿਕਾ ਨਿਭਾਅ ਸਕਦਾ ਹੈ।

-ਚੰਦ ਫਤਿਹਪੁਰੀ

ਧਰਮ, ਨਸ਼ੇ ਅਤੇ ਮਾਨਸਿਕ ਗੁਲਾਮੀ

ਪਵਨ ਕੁਮਾਰ ਕੌਸ਼ਲ

ਧਰਮ, ਨਸ਼ੇ ਅਤੇ ਮਾਨਸਿਕ ਗੁਲਾਮੀ ਦਾ ਆਪਸ ਵਿੱਚ ਗੂੜ੍ਹਾ ਸਬੰਧ ਹੈ। ਧਰਮ ਅਤੇ ਨਸ਼ੇ ਮਨੁੱਖ ਦੇ ਦਿਮਾਗ ਦੇ ਵਿਕਾਸ ਵਿੱਚ ਰੁਕਾਵਟ ਬਣਦੇ ਹਨ। ਧਰਮ ਦਾ ਮਨਣਾ ਹੈ ਕਿ ਜੋ ਕੁਝ ਉਨ੍ਹਾਂ ਦੇ ਧਰਮ ਗਰੰਥਾਂ ਵਿੱਚ ਲਿਖਿਆ ਹੈ, ਉਹ ਸਭ ਸੱਚ ਹੈ, ਵਿਰੋਧ ਕਰਨ ਵਾਲੇ ਨੂੰ ਕਾਫਰ ਕਹਿ ਕੇ ਪੁਕਾਰਿਆ ਜਾਂਦਾ ਹੈ। ਵਿਗਿਆਨ ਨੂੰ ਧਰਮ ਦਾ ਦੁਸ਼ਮਣ ਸਮਝਿਆ ਜਾਂਦਾ ਸੀ ਅਤੇ ਅੱਜ ਭੀ ਸਮਝਿਆ ਜਾਂਦਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਦੀ ਬੀ ਜੇ ਪੀ ਦੀ ਸਰਕਾਰ ਦੇ ਨੇਤਾ ਭਾਵੇਂ ਖੁਦ ਵਿਗਿਆਨ ਦੀਆਂ ਉਪਲੱਭਧੀਆਂ ਕਾਰਨ ਐਸ਼ੋ-ਅਰਾਮ ਦਾ ਜੀਵਨ ਬਤੀਤ ਕਰ ਰਹੇ ਹਨ, ਪ੍ਰੰਤੂ ਜਨਤਾ ਅੱਗੇ ਮਿਥਿਹਾਸ ਨੂੰ ਇਤਿਹਾਸ ਬਣਾ ਕੇ ਪੇਸ਼ ਕਰ ਰਹੇ ਹਨ। ਇੱਕ ਸੋਚੀ-ਸਮਝੀ ਸਾਜ਼ਿਸ਼ ਅਧੀਨ ਮਨੁੱਖੀ ਦਿਮਾਗ ਦੇ ਵਿਕਾਸ ਨੂੰ ਵਧਣੋਂ ਰੋਕਣ ਲਈ ਤਾਂ ਕਿ ਮਨੁੱਖ ਆਪਣੀ ਲਾਚਾਰ, ਗਰੀਬੀ ਤੇ ਭੁੱਖ ਨੰਗ ਦੇ ਕਾਰਨਾਂ ਨੂੰ ਸਮਝ ਕੇ ਆਪਣੀ ਮੁਕਤੀ ਲਈ ਉਸ ਵਿਰੁੱਧ ਸੰਘਰਸ਼ ਨਾ ਛੇੜ ਦੇਵੇ। ਇਸ ਸਭ ਕੁਝ ਨੂੰ ਪਿਛਲੇ ਕਰਮਾਂ ਦਾ ਫ਼ਲ ਕਹਿ ਕੇ ਇੱਕ ਤਰ੍ਹਾਂ ਨਾਲ ਮਾਨਸਿਕ ਗੁਲਾਮ ਬਣਾ ਲਿਆ ਜਾਂਦਾ ਹੈ।

ਅਮਰੀਕੀ ਲੇਖਕ ਅਪਟੋਨ ਸਿੰਕਲੇਅਰ ਨੇ ਲਿਖਿਆ ਹੈ ਕਿ ਆਮ ਆਦਮੀ ਲਈ 'ਧਰਮ' ਦਾ ਅਰਥ ਹੈ, ਵਿਕਾਸ ਲਈ ਆਤਮਾ ਦੀ ਇੱਛਾ, 'ਧਾਰਮਿਕਤਾ ਦੀ ਭੁੱਖ ਅਤੇ ਪਿਆਸ' ਨਹੀਂ, ਪਰ ਕੁਝ ਰੂਪਾਂ ਵਿੱਚ ਇਹ ਭੁੱਖ ਇਤਿਹਾਸ ਵਿੱਚ ਪ੍ਰਗਟ ਹੋਈ ਹੈ ਅਤੇ ਅੱਜ ਸਾਰੇ ਸੰਸਾਰ ਵਿੱਚ ਪ੍ਰਚੱਲਤ ਹੈ। ਕਹਿਣ ਦਾ ਭਾਵ ਹੈ ਕਿ ਸੰਸਥਾਵਾਂ ਜੋ ਕਿ ਕੱਟੜ ਸਿਧਾਂਤ ਅਤੇ 'ਖੁਲਾਸੇ', ਮੱਤਾਂ ਅਤੇ ਰੀਤੀ-ਰਿਵਾਜ ਹਨ, ਇੱਕ ਪ੍ਰਬੰਧਕੀ ਜਾਤ ਦੇ ਨਾਲ ਅਲੌਕਿਕ ਪ੍ਰਵਾਨਗੀ ਦਾ ਦਾਅਵਾ ਕਰਦੀ ਹੈ। ਅਜਿਹੀਆਂ ਸੰਸਥਾਵਾਂ ਦੁਆਰਾ ਨਸਲ ਦੀਆਂ ਨੈਤਿਕ ਕੋਸ਼ਿਸ਼ਾਂ, ਬਚਪਨ ਦੇ ਪਿਆਰ ਅਤੇ ਜਵਾਨੀ ਦੀਆਂ ਇੱਛਾਵਾਂ ਨੂੰ ਧਾਰਮਿਕ ਸ਼੍ਰੇਣੀਆਂ ਦੇ ਵਪਾਰ ਵਿੱਚ ਵਿਸ਼ੇਸ਼ ਅਧਿਕਾਰ ਅਤੇ ਭੰਡਾਰ ਬਣਾਇਆ ਜਾਂਦਾ ਹੈ। ਸਾਰ ਇਹ ਹੈ ਕਿ 'ਧਰਮ' ਇਸ ਅਰਥ ਵਿਚ ਪਰਜੀਵੀਆਂ ਲਈ ਆਮਦਨ ਦਾ ਸਰੋਤ ਹੈ ਅਤੇ ਹਰ ਤਰ੍ਹਾਂ ਦੇ ਜ਼ੁਲਮ ਅਤੇ ਸ਼ੋਸ਼ਣ ਦਾ ਕੁਦਰਤੀ ਸਹਿਯੋਗੀ ਹੈ।

ਮਾਰਕਸ ਨੇ ਧਰਮ ਬਾਰੇ, 'ਕਰਿਟਿਕ ਔਫ ਹੀਗਲਜ਼ ਫਿਲਾਸਫੀ' ਵਿੱਚ ਲਿਖਿਆ ਹੈ, 'ਧਰਮ, ਅਸਲ ਵਿੱਚ ਮਨੁੱਖ ਦੀ ਸਵੈ-ਚੇਤਨਾ ਅਤੇ ਸਵੈ-ਮਾਣ ਹੈ, ਜੋ ਜਾਂ ਤਾਂ ਅਜੇ ਤੱਕ ਆਪਣੇ ਆਪ ਵਿੱਚ ਨਹੀਂ ਜਿੱਤਿਆ ਹੈ ਜਾਂ ਪਹਿਲਾਂ ਹੀ ਆਪਣੇ ਆਪ ਨੂੰ ਦੁਬਾਰਾ ਹਰਾ ਚੁੱਕਾ ਹੈ, ਪਰ ਮਨੁੱਖ ਸੰਸਾਰ ਤੋਂ ਬਾਹਰ ਬੈਠਣ ਲਈ ਕੋਈ ਅਮੂਰਤ ਨਹੀਂ ਹੈ। ਮਨੁੱਖ ਮਨੁੱਖ ਦਾ ਸੰਸਾਰ ਹੈ - ਰਾਜ, ਸਮਾਜ, ਇਹ ਰਾਜ ਅਤੇ ਇਹ ਸਮਾਜ ਧਰਮ ਪੈਦਾ ਕਰਦਾ ਹੈ, ਜੋ ਸੰਸਾਰ ਦੀ ਇੱਕ ਉਲਟ ਚੇਤਨਾ ਹੈ, ਕਿਉਂਕਿ ਉਹ ਇੱਕ ਉਲਟ ਸੰਸਾਰ ਹਨ। ਧਰਮ ਇਸ ਸੰਸਾਰ ਦਾ ਸਾਧਾਰਨ ਸਿਧਾਂਤ ਹੈ, ਇਸ ਦਾ ਵਿਸ਼ਵਕੋਸ਼ ਸੰਗ੍ਰਹਿ, ਪ੍ਰਸਿੱਧ ਰੂਪ ਵਿੱਚ ਇਸ ਦਾ ਤਰਕ, ਇਸ ਦਾ ਅਧਿਆਤਮਿਕ ਬਿੰਦੂ, ਇਹ ਉਤਸ਼ਾਹ, ਇਸ ਦੀ ਨੈਤਿਕ ਪ੍ਰਵਾਨਗੀ, ਇਸ ਦਾ ਗੰਭੀਰ ਪੂਰਕ ਅਤੇ ਇਸ ਦੀ ਤਸੱਲੀ ਅਤੇ ਜਾਇਜ਼ਤਾ ਦਾ ਸਰਵ ਵਿਆਪਕ ਅਧਾਰ ਹੈ। ਇਹ ਮਨੁੱਖੀ ਤੱਤ ਦਾ ਸ਼ਾਨਦਾਰ ਅਨੁਭਵ ਹੈ, ਕਿਉਂਕਿ ਮਨੁੱਖੀ ਤੱਤ ਨੂੰ ਪ੍ਰਾਪਤ ਨਹੀਂ ਹੋਇਆ ਹੈ।

ਇਹ ਹਕੀਕਤ ਹੈ ਕਿ ਧਰਮ ਦੇ ਵਿਰੁੱਧ ਸੰਘਰਸ਼ ਅਸਿੱਧੇ ਤੌਰ 'ਤੇ ਉਸ ਸੰਸਾਰ ਵਿਰੁੱਧ ਸੰਘਰਸ਼ ਹੈ, ਜਿਸ ਦੀ ਆਤਮਿਕ ਸੁਗੰਧ ਧਰਮ ਹੈ। ਧਾਰਮਕ ਦੁੱਖ, ਇੱਕੋ ਸਮੇਂ, ਅਸਲ ਦੁੱਖ ਦਾ ਪ੍ਰਗਟਾਵਾ ਅਤੇ ਅਸਲ ਦੇ ਵਿਰੁੱਧ ਰੋਸ ਹੈ। ਦੁੱਖ ਧਰਮ ਦੱਬੇ-ਕੁਚਲੇ ਪ੍ਰਾਣੀ ਦਾ ਸਾਹ, ਇੱਕ ਬੇਰਹਿਮ ਸੰਸਾਰ ਦਾ ਦਿਲ ਅਤੇ ਰੂਹ ਰਹਿਤ ਹਾਲਤਾਂ ਦੀ ਰੂਹ ਹੈ। ਇਹ ਲੋਕਾਂ ਦੀ ਅਫੀਮ ਹੈ। ਲੋਕਾਂ ਦੇ ਭਰਮ ਭਰੇ ਸੁੱਖਾਂ ਵਜੋਂ ਧਰਮ ਦਾ ਖਾਤਮਾ ਹੀ ਉਨ੍ਹਾਂ ਦੀ ਅਸਲ ਖੁਸ਼ੀ ਦੀ ਮੰਗ ਹੈ।

ਲੈਨਿਨ ਸਮਾਜਵਾਦ ਅਤੇ ਧਰਮ ਵਿੱਚ ਲਿਖਦੇ ਹਨ, 'ਕਾਮੇ ਭਾਵੇਂ ਆਪਣੀ ਆਰਥਿਕ ਮੁਕਤੀ ਦੇ ਸੰਘਰਸ਼ ਅੰਦਰ ਥੋੜ੍ਹੀ ਬਹੁਤ ਹੱਦ ਤੱਕ ਰਾਜਨੀਤਕ ਆਜ਼ਾਦੀ ਪ੍ਰਾਪਤ ਕਰ ਲੈਣ, ਪ੍ਰੰਤੂ ਆਜ਼ਾਦੀ ਦੀ ਕੋਈ ਵੀ ਮਾਤਰਾ ਉਨ੍ਹਾਂ ਦੀ ਗਰੀਬੀ, ਬੇਰੁਜ਼ਗਾਰੀ ਅਤੇ ਅਤਿਆਚਾਰ ਤੋਂ ਉਦੋਂ ਤੱਕ ਖਹਿੜਾ ਨਹੀਂ ਛੁਡਵਾ ਸਕਦੀ, ਜਦੋਂ ਤੱਕ ਪੂੰਜੀ ਦੀ ਸ਼ਕਤੀ ਨੂੰ ਖਤਮ ਨਹੀਂ ਕੀਤਾ ਜਾਂਦਾ। ਧਰਮ ਅਧਿਆਤਮਕ ਅੱਤਿਆਚਾਰ ਦਾ ਇੱਕ ਰੂਪ ਹੈ, ਜਿਹੜਾ ਹਰ ਥਾਂ ਖੁੜ੍ਹ ਅਤੇ ਵਖਰੇਵੇਂ ਕਾਰਨ ਦੂਜਿਆਂ ਲਈ ਲਗਾਤਾਰ ਕੰਮ ਕਰਨ ਨਾਲ ਦੱਬੇ-ਕੁਚਲੇ ਲੋਕਾਂ ਦੇ ਸਮੂਹ ਉਪਰ ਬੁਰੀ ਤਰ੍ਹਾਂ ਭਾਰੂ ਹੁੰਦਾ ਹੈ। ਲੁਟੇਰਿਆਂ (ਸੋਸ਼ਣ ਕਰਨ ਵਾਲੇ) ਵਿਰੁੱਧ ਸੰਘਰਸ਼ ਅੰਦਰ ਲੁਟੀਆਂ (ਸੋਸ਼ਿਤ) ਜਾਂਦੀਆਂ ਜਮਾਤਾਂ ਦੀ ਲਾਚਾਰੀ ਨਿਸ਼ਚੇ ਹੀ ਮੌਤ ਤੋਂ ਬਾਅਦ ਚੰਗੇ ਜੀਵਨ ਦਾ ਯਕੀਨ ਦਿਵਾਉਂਦੀ ਹੈ, ਜਿਵੇਂ ਅਸਭਿਅਕ ਮਨੁੱਖ ਦੀ ਕੁਦਰਤ ਵਿਰੁੱਧ ਸੰਘਰਸ਼ ਅੰਦਰ ਲਾਚਾਰੀ ਦੇਵਤਿਆਂ, ਸ਼ੈਤਾਨਾਂ, ਚਮਤਕਾਰਾਂ ਤੇ ਇਸੇ ਤਰ੍ਹਾਂ ਹੋਰਨਾਂ ਵਿਚ ਵਿਸ਼ਵਾਸ਼ ਨੂੰ ਜਨਮ ਦਿੰਦੀ ਹੈ।'

ਉਹ ਜਿਹੜੇ ਮਿਹਨਤ ਕਰਦੇ ਹਨ, ਸਾਰੀ ਉਮਰ ਗਰੀਬੀ 'ਚ ਰਹਿੰਦੇ ਹਨ, ਧਰਮ ਉਨ੍ਹਾਂ ਨੂੰ ਧਰਤੀ ਉੱਤੇ ਰਹਿੰਦੇ ਹੋਏ ਸਵਰਗ ਦੀ ਆਸ ਨਾਲ ਆਗਿਆਕਾਰੀ (ਨਿਮਕੇ) ਅਤੇ ਸਹਿਣਸ਼ੀਲ ਰਹਿਣ ਦੀ ਸਿਖਿਆ ਦਿੰਦਾ ਹੈ , ਪ੍ਰੰਤੂ ਉਹ ਜਿਹੜੇ ਦੂਜਿਆਂ ਦੀ ਮਿਹਨਤ 'ਤੇ ਜਿਉਂਦੇ ਹਨ, ਧਰਮ ਉਨ੍ਹਾਂ ਨੂੰ ਧਰਤੀ ਉੱਪਰ ਰਹਿੰਦਿਆਂ ਦਾਨ ਕਰਨ ਦੀ ਸਿਖਿਆ ਦਿੰਦਾ ਹੈ, ਇਸ ਤਰ੍ਹਾਂ ਉਨ੍ਹਾਂ ਦੀ ਲੁਟੇਰਿਆਂ ਦੀ ਤਰ੍ਹਾਂ ਸਾਰੀ ਹੋਂਦ ਨੂੰ ਸਹੀ ਠਹਿਰਾਉਣ ਲਈ ਇੱਕ ਸਸਤਾ ਰਾਹ ਦਿਖਾਉਂਦਾ ਹੈ ਅਤੇ ਸਵਰਗ ਅੰਦਰ ਉਨ੍ਹਾਂ ਦੀ ਸਲਾਮਤੀ ਲਈ ਸਸਤੀ ਕੀਮਤ 'ਤੇ ਟਿਕਟ ਮੁਹੱਈਆ ਕਰਦਾ ਹੈ।

ਜਿਸ ਤਰ੍ਹਾਂ ਧਰਮ ਦਿਮਾਗ ਉਪਰ ਭਾਰੂ ਹੋ ਕੇ ਸੋਚਣ ਸ਼ਕਤੀ ਨੂੰ ਨਕਾਰਆਤਮਕ ਰੂਪ ਦੇ ਦਿੰਦਾ ਹੈ। ਧਾਰਮਕ ਮਨੁੱਖ ਖੂਹ ਦੇ ਡੱਡੂ ਵਾਂਗ ਹੁੰਦਾ ਹੈ, ਜਿਹੜਾ ਖੂਹ ਤੋਂ ਬਾਹਰ ਕੀ ਵਾਪਰਦਾ ਹੈ, ਬਾਰੇ ਸੋਚ ਹੀ ਨਹੀ ਸਕਦਾ। ਉਹ ਮਾਨਸਿਕ ਤੌਰ 'ਤੇ ਗੁਲਾਮੀ ਦਾ ਸ਼ਿਕਾਰ ਹੋ ਜਾਂਦਾ ਹੈ, ਧਾਰਮਿਕ ਲਤ ਦਾ ਗੁਲਾਮ। ਨਸ਼ਾ ਵੀ ਇਹੋ ਕੰਮ ਕਰਦਾ ਹੈ। ਨਸ਼ਾ ਮਨੁੱਖ ਦੀ ਸੋਚਣ ਸ਼ਕਤੀ, ਸਮਾਜਿਕ ਜੀਵਨ ਤੇ ਰਿਸ਼ਤੇ-ਨਾਤੇ ਸਭ ਨੂੰ ਖਤਮ ਕਰ ਦਿੰਦਾ ਹੈ। ਉਹ ਨਸ਼ੇ ਤੋਂ ਬਿਨਾਂ ਹੋਰ ਕੁਝ ਲਈ ਸੋਚ ਹੀ ਨਹੀ ਸਕਦਾ। ਨਸ਼ੇ ਦਾ ਗੁਲਾਮ ਹੋ ਜਾਂਦਾ ਹੈ, ਨਸ਼ੇ ਲਈ ਉਹ ਕੁਝ ਵੀ ਕਰ ਸਕਦਾ।

ਮਾਨਸਿਕ ਗ਼ੁਲਾਮੀ ਮਨ ਦੀ ਇੱਕ ਅਵਸਥਾ ਹੈ, ਜਿੱਥੇ ਮੁਕਤੀ ਅਤੇ ਗੁਲਾਮੀ ਵਿਚਕਾਰ ਸਮਝ ਨੂੰ ਤੋੜਿਆ ਜਾਂਦਾ ਹੈ, ਜਿੱਥੇ ਵਿਅਕਤੀ ਆਪਣੇ ਆਪ ਅਤੇ ਸੰਸਾਰ ਬਾਰੇ ਗਲਤ ਜਾਣਕਾਰੀ ਦੁਆਰਾ ਫਸ ਜਾਂਦਾ ਹੈ। ਗਰੀਬੀ ਅਤੇ ਵਿਸ਼ਵੀਕਰਨ ਨੂੰ ਆਮ ਤੌਰ 'ਤੇ ਆਧੁਨਿਕ ਗੁਲਾਮੀ ਦੇ ਮੂਲ ਕਾਰਨਾਂ ਵਜੋਂ ਦਰਸਾਇਆ ਜਾਂਦਾ ਹੈ, ਜਿਨ੍ਹਾਂ ਇਸ ਨੂੰ ਵਧਣ ਅਤੇ ਵਧਣ-ਫੁੱਲਣ ਦੇ ਯੋਗ ਬਣਾਇਆ ਹੈ।

ਨਸ਼ੇ ਵੀ ਮਾਨਸਿਕ ਗੁਲਾਮੀ ਦਾ ਇੱਕ ਵੱਡਾ ਕਾਰਨ ਹਨ। ਚੀਨੀਆਂ ਨੂੰ ਲੰਮਾ ਸਮਾਂ ਅਫੀਮਚੀ ਬਣਾ ਕੇ ਗੁਲਾਮ ਬਣਾਈ ਰੱਖਿਆ ਗਿਆ। ਦੋ ਅਫੀਮ ਯੱਧ ਵੀ ਲੜਨੇ ਪਏ। ਨਸ਼ਿਆਂ ਵਿਚੋਂ ਸ਼ਰਾਬ ਵੀ ਅੱਤ ਭੈੜਾ ਨਸ਼ਾ ਹੈ, ਜੋ ਮਨੁੱਖ ਨੂੰ ਮਾਨਸਿ

26-APRIL-PAGE-5.qxd 4/25/2023 10:38 PM Page 1

ਕਣਕ ਦੀ ਲਿਫਟਿੰਗ ਨਾ ਹੋਣ ਕਾਰਨ ਆੜ੍ਹਤੀਆਂ ਵੱਲੋਂ ਧਰਨਾ

ਮਾਰਕਫੈੱਡ ਤੇ ਪਨਸਪ ਦੇ ਗੁਦਾਮਾਂ 'ਚ ਕਣਕ ਦੀਆਂ ਬੋਰੀਆਂ ਲਗਾਉਣ ਦੀ ਮੰਗ

ਫਰੈਂਡਜ਼ ਧਰਮ ਕੰਡਾ ਅੱਗੇ ਧਰਨਾ ਦੇਣ ਮੌਕੇ ਹਾਜ਼ਰ ਆੜ੍ਹਤੀ।

ਮੱਖੂ (ਰਛਪਾਲ ਸਿੰਘ ਸੰਧੂ)-ਦਾਣਾ ਮੰਡੀ ਮੱਖੂ ਤੇ ਖਰੀਦ ਕੇਂਦਰਾਂ 'ਚੋਂ ਕਣਕ ਦੀਆਂ ਬੋਰੀਆਂ ਦੀ ਲਿਫਟਿੰਗ ਲਈ ਐੱਫ ਸੀ ਆਈ ਵੱਲੋਂ ਸਪੈਸ਼ਲ ਨਾ ਲਗਾਉਣ ਦੇ ਰੋਸ ਕਾਰਨ ਦਾਣਾ ਮੰਡੀ ਮੱਖੂ ਦੇ ਸਮੂਹ ਆੜ੍ਹਤੀਆਂ ਵੱਲੋਂ ਆੜ੍ਹਤੀਆਂ ਐਸੋਸੀਏਸ਼ਨ ਮੱਖੂ ਦੇ ਪ੍ਰਧਾਨ ਰਜੀਵ ਠੁਕਰਾਲ ਲੱਕੀ ਦੀ ਅਗਵਾਈ ਹੇਠ ਫਰੈਂਡਜ਼ ਧਰਮ ਕੰਡਾ 'ਤੇ ਰੋਸ ਧਰਨਾ ਲਗਾਇਆ ਗਿਆ। ਦਾਣਾ ਮੰਡੀ ਮੱਖੂ ਦੇ ਸਮੂਹ ਆੜ੍ਹਤੀਆਂ ਵੱਲੋਂ ਲਗਾਏ ਧਰਨੇ ਵਿੱਚ ਫੈਡਰੇਸ਼ਨ ਆਫ ਆੜ੍ਹਤੀਆਂ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਵਿਜੇ ਕਾਲੜਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਫੈਡਰੇਸ਼ਨ ਆਫ ਆੜ੍ਹਤੀਆ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਵਿਜੇ ਕਾਲੜਾ ਤੇ ਆੜ੍ਹਤੀਆ ਐਸੋਸੀਏਸ਼ਨ ਮੱਖੂ ਦੇ ਪ੍ਰਧਾਨ ਰਜੀਵ ਠੁਕਰਾਲ ਲੱਕੀ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਸਰਕਾਰੀ ਖਰੀਦ ਏਜੰਸੀਆਂ ਵੱਲੋਂ ਖਰੀਦੀਆਂ ਹੋਈਆਂ ਕਣਕ ਦੀਆਂ ਬੋਰੀਆਂ ਦੀ ਲਿਫਟਿੰਗ ਨਾ ਹੋਣ ਕਾਰਨ ਆੜ੍ਹਤੀਆਂ ਨੂੰ ਖੱਜਲ ਖੁਆਰ ਹੋਣਾ ਪੈ ਰਿਹਾ ਹੈ, ਜਦਕਿ ਪੰਜਾਬ ਸਰਕਾਰ ਦੀਆਂ ਸਰਕਾਰੀ ਖਰੀਦ ਏਜੰਸੀਆਂ ਮਾਰਕਫੈੱਡ ਤੇ ਪਨਸਪ ਕੋਲ ਆਪਣੇ ਕਵਰਡ ਗੁਦਾਮ ਹਨ, ਜੋ ਕਿ ਖਾਲੀ ਪਏ ਹਨ। ਕੇਂਦਰ ਸਰਕਾਰ ਵੱਲੋਂ ਇਨ੍ਹਾਂ ਗੁਦਾਮਾਂ ਵਿੱਚ ਕਣਕ ਦੀਆਂ ਬੋਰੀਆਂ ਲਗਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ। ਜੇਕਰ ਪੰਜਾਬ ਸਰਕਾਰ ਕੇਂਦਰ ਸਰਕਾਰ ਨੂੰ ਕਹਿ ਕੇ ਇਨ੍ਹਾਂ ਕਵਰਡ ਗੁਦਾਮਾਂ ਵਿੱਚ ਖਰੀਦੀਆਂ ਹੋਈਆਂ ਕਣਕ ਦੀਆਂ ਬੋਰੀਆਂ ਦੀ ਲਿਫਟਿੰਗ ਕਰਵਾ ਦੇਵੇ ਤਾਂ ਦਾਣਾ ਮੰਡੀਆਂ ਵਿੱਚੋਂ ਕਣਕ ਦੀਆਂ ਬੋਰੀਆਂ ਦੀ ਲਿਫਟਿੰਗ ਤੇਜ਼ੀ ਨਾਲ ਹੋ ਸਕਦੀ ਤੇ ਆੜ੍ਹਤੀਆਂ ਨੂੰ ਖੱਜਲ ਖੁਆਰ ਨਹੀਂ ਹੋਣਾ ਪਵੇਗਾ। ਵਿਜੇ ਕਾਲੜਾ ਤੇ ਰਜੀਵ ਠੁਕਰਾਲ ਲੱਕੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਆੜ੍ਹਤੀਆਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਕਿਉਂਕਿ ਕੇਂਦਰ ਸਰਕਾਰ ਨੇ ਹੁਕਮ ਜਾਰੀ ਕੀਤੇ ਗਏ ਹਨ ਕਿ ਇਸ ਵਾਰ ਕਣਕ ਦੇ ਸੀਜ਼ਨ ਦੌਰਾਨ ਦਾਣਾ ਮੰਡੀਆਂ ਵਿੱਚੋਂ ਕਣਕ ਦੀਆਂ ਬੋਰੀਆਂ ਦੀ ਲਿਫਟਿੰਗ ਸਪੈਸ਼ਲਾਂ ਰਾਹੀਂ ਹੀ ਕੀਤੀ ਜਾਵੇਗੀ।

ਮੱਖੂ ਰੇਲ ਹੈੱਡ 'ਤੇ ਮੱਖੂ ਦੇ ਨਾਲ ਜ਼ੀਰਾ ਦੀਆਂ ਮੰਡੀਆਂ ਦੀ ਵੀ ਸਪੈਸ਼ਲਾਂ ਲੋਡ ਹੁੰਦੀਆਂ ਹਨ। ਇਸ ਐੱਫ ਸੀ ਆਈ ਦੇ ਅਧਿਕਾਰੀਆਂ ਨੇ ਕਿਹਾ ਸੀ ਕਿ ਰੇਲ ਹੈੱਡ ਮੱਖੂ ਤੋਂ ਇਕ ਸਪੈਸ਼ਲ ਜ਼ੀਰਾ ਤੇ ਇਕ ਸਪੈਸ਼ਲ ਮੱਖੂ ਦੀ ਲੋਡ ਹੋਇਆ ਕਰੇਗੀ, ਜਦਕਿ ਕੱਲ੍ਹ ਜ਼ੀਰਾ ਤੋਂ ਕਣਕ ਦੀ ਸਪੈਸ਼ਲ ਲੋਡ ਹੋਈ ਹੈ, ਇਸ ਲਈ ਅੱਜ ਦੀ ਸਪੈਸ਼ਲ ਮੱਖੂ ਦੀ ਬਣਦੀ ਹੈ, ਪਰ ਐੱਫ ਸੀ ਆਈ ਦੇ ਅਧਿਕਾਰੀ ਅੱਜ ਫਿਰ ਜ਼ੀਰਾ ਤੋਂ ਕਣਕ ਦੀ ਸਪੈਸ਼ਲ ਲੋਡ ਕਰਵਾ ਰਹੇ ਹਨ। ਦਾਣਾ ਮੰਡੀ ਮੱਖੂ ਦੇ ਸਮੂਹ ਆੜ੍ਹਤੀਆਂ ਵੱਲੋਂ ਜ਼ੀਰਾ ਦੀ ਸਪੈਸ਼ਲ ਰੋਕਣ ਲਈ ਰੋਸ ਧਰਨਾ ਲਗਾਇਆ ਗਿਆ ਹੈ। ਇਸ ਮੌਕੇ ਦਾਣਾ ਮੰਡੀ ਮੱਖੂ ਦੇ ਸਮੂਹ ਆੜ੍ਹਤੀਆਂ ਵੱਲੋਂ ਲਗਾਏ ਰੋਸ ਧਰਨੇ ਕਾਰਨ ਅਧਿਆਰੀਆਂ ਨੂੰ ਆੜ੍ਹਤੀਆਂ ਦੇ ਰੋਸ ਧਰਨੇ ਅੱਗੇ ਝੁਕਣਾ ਪਿਆ ਤੇ ਦਾਣਾ ਮੰਡੀ ਮੱਖੂ ਤੋਂ ਸਪੈਸ਼ਲ ਲੋਡ ਕਰਨ ਦੀ ਇਜਾਜ਼ਤ ਦਿੱਤੀ ਗਈ।

ਏਕਤਾ ਉਗਰਾਹਾਂ ਵੱਲੋਂ ਨਗਰ ਪੰਚਾਇਤ ਦਫਤਰ ਅੱਗੇ ਪੱਕਾ ਮੋਰਚਾ ਜਾਰੀ

ਦੂਜੇ ਦਿਨ ਪੁਰਾਣੇ ਬੱਸ ਅੱਡੇ 'ਤੇ ਐੱਸ ਡੀ ਐੱਮ ਤੇ ਈ ਓ ਦੇ ਪੁਤਲੇ ਫੂਕੇ

ਮੂਨਕ (ਰਾਜਪਾਲ ਸਿੰਗਲਾ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਇਕਾਈ ਮੂਨਕ ਵੱਲੋਂ ਲਗਾਤਾਰ ਦੂਜੇ ਦਿਨ ਨਗਰ ਪੰਚਾਇਤ ਦਫਤਰ ਅੱਗੇ ਲੱਗੇ ਪੱਕੇ ਮੋਰਚੇ ਨੂੰ ਸੰਬੋਧਨ ਕਰਦਿਆਂ ਇਕਾਈ ਪ੍ਰਧਾਨ ਸਬੇਗ ਸਿੰਘ ਨੇ ਕਿਹਾ ਕਿ ਛੱਪੜ ਦੀ ਸਮੱਸਿਆ ਸੰਬੰਧੀ ਕਾਰਜ ਸਾਧਕ ਅਫਸਰ ਮੂਨਕ ਤੇ ਐੱਸ ਡੀ ਐੱਮ ਵੱਲੋਂ ਕੋਈ ਗੱਲ-ਬਾਤ ਨਾ ਕਰਨ ਕਾਰਨ ਰੋਸ ਵਜੋਂ ਸ਼ਹਿਰ ਦੇ ਪੁਰਾਣੇ ਬੱਸ ਅੱਡੇ 'ਤੇ ਐੱਸ ਡੀ ਐੱਮ ਤੇ ਕਾਰਜ ਸਾਧਕ ਅਫਸਰ ਮੂਨਕ ਦੇ ਪੁਤਲੇ ਫੂਕੇ ਜਾਣਗੇ। ਉਨ੍ਹਾ ਕਿਹਾ ਕਿ ਪ੍ਰਸ਼ਾਸਨ ਨੇ ਜੇਕਰ ਸਾਡੀ ਇਸ ਸਮੱਸਿਆ ਦਾ ਕੋਈ ਹੱਲ ਨਾ ਕੀਤਾ ਤਾਂ ਕੋਈ ਵੱਡਾ ਐਕਸ਼ਸਨ ਕੀਤਾ ਜਾਵੇਗਾ। ਇਨ੍ਹਾਂ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਦੇ ਜਨਰਲ ਸਕੱਤਰ ਰਿੰਕੂ ਮੂਨਕ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰਾਂ ਤੋਂ ਸਾਨੂੰ ਅੱਜ ਤੱਕ ਲਾਰੇ-ਲੱਪੇ ਤੋਂ ਬਿਨਾਂ ਹੋਰ ਕੁਝ ਨਹੀਂ ਮਿਲਿਆ ਹੈ, ਸਾਨੂੰ ਸਾਡੀਆਂ ਸਮੱਸਿਆਵਾਂ ਹੱਲ ਕਰਾਉਣ ਲਈ ਸੰਘਰਸ਼ਾਂ ਉਤੇ ਟੇਕ ਰੱਖਣੀ ਚਾਹੀਦੀ ਹੈ ਲੋਕਾਂ ਦੇ ਇਕੱਠ ਨਾਲ ਹੀ ਵੱਡੇ ਵੱਡੇ ਮਸਲਿਆਂ ਦੇ ਹੱਲ ਕਰਵਾਏ ਜਾ ਸਕਦੇ ਹਨ। ਉਨ੍ਹਾਂ ਨੇ ਪ੍ਰਸ਼ਾਸਨ ਨੂੰ ਤਾੜਨਾ ਕਰਦੇ ਕਿਹਾ ਕਿ ਜੇਕਰ ਸਾਡੀ ਇਸ ਸਮੱਸਿਆ ਦਾ ਹੱਲ ਜਲਦੀ ਨਹੀਂ ਹੋਇਆ ਤਾਂ ਕੋਈ ਵੱਡਾ ਐਕਸ਼ਨ ਕੀਤਾ ਜਾਵੇਗਾ, ਕਿਸੇ ਉੱਚ ਅਧਿਕਾਰੀ ਤੇ ਚੁਣੇ ਹੋਏ ਨੁਮਾਇੰਦੇ ਦਾ ਘੇਰਾਓ ਕੀਤਾ ਜਾ ਸਕਦਾ ਹੈ। ਪ੍ਰੋਗਰਾਮ ਦੀ ਲੜੀ ਤਹਿਤ ਸ਼ਹਿਰ ਦੇ ਪੁਰਾਣੇ ਬੱਸ ਅੱਡੇ 'ਤੇ ਐੱਸ ਡੀ ਐੱਮ ਮੂਨਕ ਤੇ ਈ ਓ ਮੂਨਕ ਦੇ ਪੁਤਲੇ ਫੂਕੇ ਗਏ। ਧਰਨੇ ਵਿੱਚ ਕਾਫੀ ਗਿਣਤੀ ਵਿੱਚ ਸ਼ਹਿਰ ਵਾਸੀ ਹਾਜ਼ਰ ਸਨ। ਇਸ ਮੌਕੇ ਰੋਸ਼ਨ ਮੂਨਕ, ਹਰਮੇਸ਼ ਰਾਊ, ਪੰਮੀ ਰਾਊ, ਗੁਰਮੀਤ ਸਿੰਘ, ਗੁਪਾਲ ਸੈਣੀ, ਸੋਨੂੰ ਸੈਣੀ, ਅਸ਼ੋਕ ਮੂਨਕ ਆਦਿ ਹਾਜ਼ਰ ਸਨ।

ਆਊਟਸੋਰਸ ਮੁਲਾਜ਼ਮ ਔਰਤ ਸਰਕਾਰੀ ਹਸਪਤਾਲ ਦੀ ਟੈਂਕੀ 'ਤੇ ਚੜ੍ਹੀ

ਟੈਂਕੀ 'ਤੇ ਚੜ੍ਹੀ ਆਊਟਸੋਰਸ ਮੁਲਾਜ਼ਮ ਔਰਤ।

ਮੋਗਾ (ਅਮਰਜੀਤ ਬੱਬਰੀ)-ਮੋਗਾ ਦੇ ਸਰਕਾਰੀ ਹਸਪਤਾਲ ਵਿਖੇ ਆਊਟਸੋਰਸ ਮੁਲਾਜ਼ਮਾਂ ਨੂੰ ਪਿਛਲੇ ਤਿੰਨ ਮਹੀਨਿਆਂ ਦੀਆਂ ਤਨਖਾਹਾਂ ਨਾ ਮਿਲਣ ਕਰ ਕੇ ਉਨ੍ਹਾਂ ਪਿਛਲੇ ਸੱਤ ਦਿਨਾਂ ਤੋਂ ਮੁਕੰਮਲ ਕੰਮ ਬੰਦ ਕਰਕੇ ਸਰਕਾਰੀ ਹਸਪਤਾਲ ਵਿੱਚ ਪੱਕੇ ਤੌਰ 'ਤੇ ਧਰਨਾ ਦਿੱਤਾ ਹੋਇਆ ਹੈ, ਪਰ ਠੇਕੇਦਾਰ ਤੇ ਸਰਕਾਰੀ ਹਸਪਤਾਲ ਪ੍ਰਸ਼ਾਸਨ ਵੱਲੋਂ ਲੰਮੇ ਸਮੇਂ ਤੋਂ ਲਾਰੇ ਲਾ ਕੇ ਟਾਈਮ ਟਪਾਊ ਨੀਤੀ ਅਪਣਾਈ ਜਾ ਰਹੀ ਹੈ। ਅੱਜ ਅੱਠਵੇਂ ਦਿਨ ਧਰਨੇ ਦੌਰਾਨ ਸਥਿਤੀ ਹੋਰ ਵੀ ਗੰਭੀਰ ਬਣ ਗਈ, ਜਦੋਂ ਇਕ ਮਹਿਲਾ ਮੁਲਾਜ਼ਮ ਆਪਣੇ ਬੱਚਿਆਂ ਦੀ ਭੁੱਖ ਨੂੰ ਨਾ ਸਹਾਰਦੇ ਹੋਏ ਸਰਕਾਰੀ ਹਸਪਤਾਲ ਵਿੱਚ ਬਣੀ ਪਾਣੀ ਵਾਲੀ ਕੰਡਮ ਟੈਂਕੀ ਦੇ ਸਿਖਰ 'ਤੇ ਜਾ ਚੜ੍ਹੀ ਤੇ ਕੁੱਝ ਪੱਤਰਕਾਰ ਵੀ ਪੀੜਤ ਔਰਤ ਦੇ ਪਿੱਛੇ ਟੈਂਕੀ 'ਤੇ ਜਾ ਚੜ੍ਹੇ ਤੇ ਉਸ ਕੋਲੋਂ ਟੈਂਕੀ 'ਤੇ ਚੜ੍ਹਨ ਦੇ ਕਾਰਨਾਂ ਬਾਰੇ ਸਾਰੀ ਜਾਣਕਾਰੀ ਲਈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਆਊਟਸੋਰਸ ਮੁਲਾਜ਼ਮ ਪੀੜਤ ਔਰਤ ਸੁਖਦੀਪ ਕੌਰ ਵਾਸੀ ਪਿੰਡ ਨਾਹਲ ਖੋਟੇ ਨੇ ਦੱਸਿਆ ਕਿ ਉਹ ਰੋਜ਼ਾਨਾ ਆਪਣੇ ਸਾਥੀਆਂ ਸਮੇਤ ਡਿਊਟੀ 'ਤੇ ਆ ਰਹੀ ਹੈ, ਪਰ ਪਿਛਲੇ ਤਿੰਨ ਮਹੀਨਿਆਂ ਤੋਂ ਉਨ੍ਹਾਂ ਨੂੰ ਤਨਖਾਹ ਨਾ ਮਿਲਣ ਕਰ ਕੇ ਘਰ ਦਾ ਗੁਜ਼ਾਰਾ ਕਰਨ ਬੜਾ ਮੁਸ਼ਕਲ ਹੋ ਗਿਆ। ਉਨ੍ਹਾਂ ਦੀ ਗੱਲ ਨਾ ਤਾਂ ਠੇਕੇਦਾਰ ਸੁਣ ਰਿਹਾ ਤੇ ਨਾ ਹੀ ਸਰਕਾਰੀ ਹਸਪਤਾਲ ਦੇ ਅਧਿਕਾਰੀ ਸੁਣ ਰਹੇ ਹਨ, ਜਿਸ ਕਾਰਨ ਉਨ੍ਹਾਂ ਨੇ ਕੰਮਕਾਰ ਬੰਦ ਕਰਕੇ ਆਪਣੀਆਂ ਤਨਖਾਹਾਂ ਲੈਣ ਲਈ ਮਜਬੂਰ ਹੋ ਕੇ ਸਰਕਾਰੀ ਹਸਪਤਾਲ ਵਿੱਚ ਧਰਨਾ ਲਾਇਆ ਹੋਇਆ ਹੈ। ਲਗਾਤਾਰ ਚੱਲ ਰਹੇ ਧਰਨੇ ਦੇ ਬਾਵਜੂਦ ਸਰਕਾਰੀ ਹਸਪਤਾਲ ਦੇ ਅਧਿਕਾਰੀਆਂ ਤੇ ਠੇਕੇਦਾਰ ਦੇ ਕੰਨਾਂ 'ਤੇ ਕੋਈ ਜੂੰ ਵੀ ਨਹੀਂ ਸਰਕੀ। ਦੁਕਾਨਦਾਰ ਦਾ ਉਧਾਰ ਨਾ ਦੇਣ 'ਤੇ ਹੁਣ ਦੁਕਾਨਦਾਰਾਂ ਨੇ ਉਨ੍ਹਾਂ ਨੂੰ ਉਧਾਰ ਵਿਚ ਸਾਮਾਨ ਦੇਣਾ ਬੰਦ ਕਰ ਦਿੱਤਾ ਹੈ, ਜਿਸ ਕਾਰਨ ਉਨ੍ਹਾਂ ਦੇ ਬੱਚੇ ਭੁੱਖ ਨਾਲ ਵਿਲਕ ਰਹੇ ਹਨ ਤੇ ਉਸ ਨੇ ਬੱਚਿਆਂ ਦੀ ਭੁੱਖ ਨੂੰ ਨਾ ਸਹਾਰਦੇ ਹੋਏ ਪਾਣੀ ਵਾਲੀ ਟੈਂਕੀ 'ਤੇ ਚੜ੍ਹਨ ਦਾ ਫ਼ੈਸਲਾ ਕੀਤਾ।

ਜਿਊਂ ਹੀ ਪੁਲਸ ਨੂੰ ਔਰਤ ਦੇ ਪਾਣੀ ਵਾਲੀ ਟੈਂਕੀ 'ਤੇ ਚੜ੍ਹਨ ਦਾ ਪਤਾ ਲੱਗਾ ਤਾਂ ਮੌਕੇ 'ਤੇ ਹੀ ਥਾਣਾ ਸਿਟੀ ਸਾਊਥ ਦੇ ਇੰਚਾਰਜ ਐੱਸ ਆਈ ਅਮਨਦੀਪ ਕੰਬੋਜ ਵੱਡੀ ਗਿਣਤੀ ਪੁਲਸ ਪਾਰਟੀ ਨੂੰ ਨਾਲ ਲੈ ਕੇ ਮੋਗਾ ਦੇ ਸਰਕਾਰੀ ਹਸਪਤਾਲ ਵਿਖੇ ਪੁੱਜੇ, ਜਿੱਥੇ ਉਨ੍ਹਾਂ ਧਰਨਾ ਦੇ ਰਹੇ ਜਥੇਬੰਦੀ ਤੇ ਉਨ੍ਹਾਂ ਦੇ ਹੱਕ 'ਚ ਆਈਆਂ ਹੋਰ ਜਥੇਬੰਦੀਆਂ ਦੇ ਆਗੂਆਂ, ਜਿਨ੍ਹਾਂ ਵਿੱਚ ਐਡਵੋਕੇਟ ਵਿਜੇ ਧੀਰ, ਮਹਿੰਦਰਪਾਲ ਲੁੰਬਾ ਤੇ ਹਰਭਜਨ ਬਹੋਨਾ ਨਾਲ ਗੱਲਬਾਤ ਕੀਤੀ ਤੇ ਬਾਅਦ ਵਿੱਚ ਉਹ ਜਥੇਬੰਦੀਆਂ ਦੇ ਕਾਰਕੁਨਾਂ ਨੂੰ ਨਾਲ ਲੈ ਕੇ ਐੱਸ ਐੱਮ ਓ ਸੁਖਪ੍ਰੀਤ ਸਿੰਘ ਬਰਾੜ ਨੂੰ ਮਿਲੇ ਤੇ ਉਨ੍ਹਾਂ ਨਾਲ ਗੱਲਬਾਤ ਕੀਤੀ। ਐੱਸ ਐੱਮ ਓ ਸੁਖਪ੍ਰੀਤ ਸਿੰਘ ਬਰਾੜ ਨੇ ਲਿਖਤ ਭਰੋਸਾ ਦਿੱਤਾ ਕਿ ਸਿਵਲ ਹਸਪਤਾਲ ਮੋਗਾ ਦੇ ਆਊਟ ਸੋਰਸ ਮੁਲਾਜ਼ਮਾਂ ਨੂੰ ਇਕ ਮਹੀਨੇ ਦੀ ਤਨਖਾਹ ਐੱਚ ਐੱਮ ਕਨਟੈਕਟਰ ਮੋਗਾ ਵੱਲੋਂ ਜਾਰੀ ਕਰ ਦਿੱਤਾ ਜਾਵੇਗੀ ਤੇ ਤਿੰਨ ਮਹੀਨਿਆਂ ਦੀ ਤਨਖਾਹ 25 ਮਈ 2023 ਤੱਕ ਫੰਡ ਜਾਰੀ ਹੋਣ ਉਪਰੰਤ ਕਰ ਦਿੱਤੀ ਜਾਵੇਗੀ।

ਐੱਸ ਐੱਮ ਓ ਵੱਲੋਂ ਲਿਖਤੀ ਦਿੱਤੇ ਭਰੋਸੇ ਤੋਂ ਬਾਅਦ ਆਊਟ ਸੋਰਸ ਮੁਲਜ਼ਮਾਂ ਵੱਲੋਂ ਹੜਤਾਲ ਮੁਲਤਵੀ ਕਰ ਦਿੱਤੀ ਤੇ ਟੈਂਕੀ 'ਤੇ ਚੜ੍ਹੀ ਮਹਿਲਾ ਮੁਲਾਜ਼ਮ ਸੁਖਦੀਪ ਕੌਰ ਨੂੰ ਸਮਾਜ ਸੇਵੀ ਹਰਭਜਨ ਬਹੋਨਾ ਨੇ ਟੈਂਕੀ 'ਤੇ ਚੜ੍ਹ ਕੇ ਉਸ ਨੂੰ ਹੇਠਾਂ ਲੈ ਕੇ ਆਏ। ਇਸ ਮੌਕੇ ਜਥੇਬੰਦੀ ਦੇ ਆਗੂ ਸੁਰਿੰਦਰ ਕੁਮਾਰ, ਸੋਨੂੰ ਕਟਾਰੀਆਂ, ਰਵਿੰਦਰ ਸਿੰਘ, ਨੀਤੂ, ਨਸੀਬ ਕੌਰ, ਸੁਨੀਤਾ ਰਾਣੀ, ਸਾਹਿਲ, ਰਾਮੇਸ਼ ਕੁਮਾਰ ਆਦਿ ਮੁਲਾਜ਼ਮ ਹਾਜ਼ਰ ਸਨ।

ਕਾਤਰਾਂ

ਗੁਰਮਤਿ ਕਲਾਸਾਂ ਦਾ ਮੁਲਾਂਕਣ

ਮਾਨਸਾ (ਮੁਨੀਸ਼ ਕੁਮਾਰ)-ਬਾਬਾ ਫ਼ਰੀਦ ਅਕੈਡਮੀ ਪ.ਸ.ਸ. ਸਕੂਲ ਉੱਭਾ ਵਿਖੇ ਸਤਿਨਾਮ ਸਰਬ ਕਲਿਆਣ ਟਰੱਸਟ ਦੇ ਸੁਪਰਵਾਈਜ਼ਰ ਸੁਖਵੀਰ ਸਿੰਘ ਤੇ ਪ੍ਰੋਗਰਾਮ ਮੈਨੇਜਰ ਭਿੰਦਰ ਸਿੰਘ ਵੱਲੋਂ ਸਕੂਲ ਵਿੱਚ ਨਰਸਰੀ ਤੋਂ +2 ਕਲਾਸਾਂ ਦਾ ਮੁਲਾਂਕਣ ਕੀਤਾ ਗਿਆ। ਸਕੂਲ ਦੇ ਗੁਰਮਤਿ ਅਧਿਆਪਕ ਸ੍ਰੀਮਤੀ ਮਨਪ੍ਰੀਤ ਕੌਰ ਦੀ ਅਗਵਾਈ ਹੇਠ ਬੱਚਿਆਂ ਤੋਂ ਗੁਰਬਾਣੀ ਤੇ ਸਿੱਖ ਇਤਿਹਾਸ ਬਾਰੇ ਪ੍ਰਸ਼ਨ-ਉੱਤਰ ਸੁਣੇ ਗਏ। ਇਸ ਮੌਕੇ ਭਿੰਦਰ ਸਿੰਘ ਨੇ ਬੱਚਿਆਂ ਨੂੰ ਗੁਰਬਾਣੀ ਨਾਲ ਜੁੜਨ ਤੇ ਪਾਠ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਿੰਸੀਪਲ ਬਿਰਜ ਲਾਲ ਤੇ ਚੇਅਰਮੈਨ ਰਾਜ ਸਿੰਘ ਉੱਭਾ ਨੇ ਸਤਿਨਾਮ ਸਰਬ ਕਲਿਆਣ ਟਰੱਸਟ ਦੇ ਸੁਪਰਵਾਈਜ਼ਰ ਤੇ ਪ੍ਰੋਗਰਾਮ ਮੈਨੇਜਰ ਦਾ ਧੰਨਵਾਦ ਕੀਤਾ। ਇਸ ਮੌਕੇ ਸਮੂਹ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।

ਟ੍ਰੈਫਿਕ ਪੁਲਸ ਨੇ ਵਿਖਾਈ ਇਨਸਾਨੀਅਤ !

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਜ਼ੀਰਾ ਸ਼ਹਿਰ ਵਿੱਚ ਟ੍ਰੈਫਿਕ ਇੰਚਾਰਜ ਏ ਐੱਸ ਆਈ ਬਲੌਰ ਸਿੰਘ ਤੇ ਹਰਜਿੰਦਰ ਸਿੰਘ ਵੱਲੋਂ ਇੱਕ ਵਿਅਕਤੀ ਦਾ ਮੋਬਾਇਲ ਫ਼ੋਨ, ਜੋ ਕਿ ਬੱਸ ਅੱਡੇ ਦੇ ਪਾਸ ਡਿੱਗ ਗਿਆ ਸੀ, ਉਕਤ ਵਿਅਕਤੀ ਵੱਲੋਂ ਟ੍ਰੈਫਿਕ ਸਟਾਫ਼ ਨਾਲ ਤਾਲ ਮੇਲ ਕੀਤਾ ਗਿਆ, ਜਿਸ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਏ ਐੱਸ ਆਈ ਬਲੌਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਡਿੱਗਿਆ ਹੋਇਆ ਫ਼ੋਨ ਬਰਾਮਦ ਕਰ ਲਿਆ ਅਤੇ ਕਾਰਵਾਈ ਕਰਕੇ ਅਸਲ ਮਾਲਕ ਨੂੰ ਫ਼ੋਨ ਦੇ ਦਿੱਤਾ। ਉਨ੍ਹਾਂ ਦੇ ਨਾਲ ਏ ਐੱਸ ਆਈ ਅਜਮੇਰ ਸਿੰਘ ਏਐੱਸਆਈ ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

ਮਲੇਰੀਆ ਸੰਬੰਧੀ ਜਾਗਰੂਕਤਾ ਕੈਂਪ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸਿਵਲ ਸਰਜਨ ਡਾ. ਰਾਜਿੰਦਰ ਪਾਲ ਤੇ ਜ਼ਿਲ੍ਹਾ ਐਪੀਡੀਮਾਲੋਜਿਸਟ ਡਾ. ਯੁਵਰਾਜ ਨਾਰੰਗ ਦੇ ਨਿਰਦੇਸ਼ਾਂ ਤਹਿਤ ਸੀ ਐੱਚ ਸੀ ਫ਼ਿਰੋਜ਼ਸ਼ਾਹ ਦੇ ਐੱਸ ਐੱਮ ਓ ਡਾ. ਰਿਤੇਸ਼ ਸਹੋਤਰਾ ਦੀ ਅਗਵਾਈ ਹੇਠ ਐੱਚ ਡਬਲਯੂ ਸੀ ਲੋਹਗੜ੍ਹ ਤੇ ਸੋਢੀਨਗਰ ਵਿਖੇ ਵਿਸ਼ਵ ਮਲੇਰੀਆ ਦਿਵਸ ਮਨਾਇਆ ਗਿਆ, ਜਿਸ ਵਿੱਚ ਸਿਹਤ ਸੁਪਰਵਾਈਜ਼ਰ ਲਖਵਿੰਦਰ ਸਿੰਘ, ਸਿਹਤ ਵਰਕਰ ਸੁਖਦੇਵ ਸਿੰਘ ਤੇ ਜਸਵੰਤ ਸਿੰਘ ਨੇ ਲੋਕਾਂ ਨੂੰ ਮਲੇਰੀਆ ਸਬੰਧੀ ਜਾਗਰੂਕ ਕੀਤਾ।ਇਸ ਮੌਕੇ ਸਰਕਾਰੀ ਸਕੂਲ ਦੇ ਬੱਚਿਆਂ ਵੱਲੋਂ ਜਾਗਰੂਕ ਰੈਲੀ ਵੀ ਕੱਢੀ ਗਈ।ਇਸ ਮੌਕੇ ਸਕੂਲ ਦੇ ਸਟਾਫ਼ ਤੋਂ ਇਲਾਵਾ ਜਸਵਿੰਦਰ ਕੌਰ ਏ ਐੱਨ ਐੱਮ, ਸੋਮਾ ਰਾਣੀ ਏ ਐੱਨ ਐੱਮ, ਆਸ਼ਾ ਵਰਕਰ ਆਦਿ ਹਾਜ਼ਰ ਸਨ।

ਕਣਕ ਚੋਰੀ ਦੇ ਦੋਸ਼ 'ਚ 2 ਵਿਅਕਤੀ ਕਾਬੂ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਿਟੀ ਦੀ ਪੁਲਸ ਵੱਲੋਂ ਕਣਕ ਚੋਰੀ ਕਰਨ ਦੇ ਦੋਸ਼ ਵਿੱਚ 2 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਕਮਲਪ੍

page-6-26-(APRIL)-2023-G-(BV).qxd 4/25/2023 10:53 PM Page 1

ਕਲਾਸੀਫਾਈਡ ਇਸ਼ਤਿਹਾਰ

Public Notice

It is brought to notice of General Public that Rajwant Kaur W/o Shamsher Singh R/o H.No. 475, Ward No. 1, Dera Baba Nanak Road Batala Muhala Sunder Nagar, Tehsil Batala, Distt. Gurdaspur is owner 5 Marla i.e. having sole share bearing Khasra No. 29//10/1/1 (0-5) bearing Khewat Khatuni No. 102/180 as per Jamabandi for the year 2016-17 situated in the area of Vill. Khateeb, Tehsil Batala, Distt. Gurdaspur. Bounded by East-Gali 11 feet wide, West-Gali 11 feet wide, North-Ownership of Sai Dass, South-Gali 20 feet wide and Rajwant Kaur W/o Shamsher Singh had lost her previous sale deed No. 4631 dated 11.03.1997, If any one come know regarding to lost documents and has been mortgage with any department or Bank kindly inform within seven day to Advocate Harpal Singh Nijjar Mobile No. 98156-10005

Harpal Singh Nijjar (Advocate)
office Address : First Floor
Above Bhagwan Dass Vasika
Opp. Vigilance Office.
Kacheri Chowk Amritsar
Mobile No. 98156-10005

ਪਬਲਿਕ ਨੋਟਿਸ

ਬੂਥ-137, ਮੰਡੀ ਮਲੋਟ ਦੇ ਪਲਾਟ ਦੀ ਮਲਕੀਅਤ ਸ੍ਰੀ ਭੀਮ ਸੈਨ ਪੁੱਤਰ ਸ੍ਰੀ ਜੈ ਚੰਦ ਦੇ ਨਾਂਅ 'ਤੇ ਹੈ। ਇਸ ਦਫਤਰ ਵਿੱਚ ਸ੍ਰੀ ਅਭਿਸ਼ੇਕ ਗਰਗ ਪੁੱਤਰ ਸ੍ਰੀ ਸਤੀਸ਼ ਕੁਮਾਰ ਵਾਸੀ ਵਾਰਡ ਨੰ: 02, ਮਕਾਨ ਨੰ: 282, ਗਊਸ਼ਾਲਾ ਰੋਡ, ਮਲੋਟ ਵੱਲੋਂ ਇਸ ਪਲਾਟ ਦੀ ਮਲਕੀਅਤ, ਸਬ ਰਜਿਸਟਰਾਰ ਫਾਜ਼ਿਲਕਾ ਵਿੱਚ ਦਰਜ ਕਰਵਾਏ ਬੈਨਾਮਾ, ਵਸੀਕਾ ਨੰ: 998 ਮਿਤੀ 5.7.1995, ਵਸੀਕਾ ਨੰ: 1450 ਮਿਤੀ 8.8.2017, ਵਸੀਕਾ ਨੰ: 1462 ਮਿਤੀ 10.8.2017 ਦੇ ਆਧਾਰ ਉੱਤੇ, ਮਲਕੀਅਤ ਤਬਦੀਲ ਕਰਨ ਸੰਬੰਧੀ ਦਰਖਾਸਤ ਪ੍ਰਾਪਤ ਹੋਈ ਹੈ।

ਉਪਰੋਕਤ ਦਸਤਾਵੇਜ਼ਾਂ ਦੇ ਆਧਾਰ 'ਤੇ ਬੂਥ-137, ਮੰਡੀ ਮਲੋਟ ਦੀ ਮਲਕੀਅਤ ਤਬਦੀਲ ਕੀਤੀ ਜਾਣੀ ਹੈ। ਜੇਕਰ ਕਿਸੇ ਵਿਅਕਤੀ ਨੂੰ ਇਸ ਪਲਾਟ ਦੀ ਮਲਕੀਅਤ ਤਬਦੀਲ ਕਰਨ ਸੰਬੰਧੀ ਕਿਸੇ ਕਿਸਮ ਦਾ ਕੋਈ ਵੀ ਇਤਰਾਜ਼ ਹੈ ਤਾਂ ਇਸ ਨੋਟਿਸ ਦੇ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਨੂੰ ਹੇਠ ਲਿਖੇ ਐਡਰੈੱਸ 'ਤੇ ਜਾਂ ਈਮੇਲ dir.colon@Punjab.gov.in 'ਤੇ ਭੇਜ ਸਕਦਾ ਹੈ। ਮਿੱਥੇ ਸਮੇਂ ਤੋਂ ਬਾਅਦ ਕਿਸੇ ਵਿਅਕਤੀ ਦੇ ਕਿਸੇ ਕਿਸਮ ਦੇ ਇਤਰਾਜ਼ 'ਤੇ ਕੋਈ ਸੁਣਵਾਈ ਨਹੀਂ ਕੀਤੀ ਜਾਵੇਗੀ।

ਸਹੀ/-
ਐਡਮਿਨਸਟਰੇਟਰ, ਨਿਊ ਮੰਡੀ ਟਾਊਨਸ਼ਿਪਸ, ਪੰਜਾਬ।
ਸੈਕਟਰ 65, ਮੰਡੀ ਭਵਨ ਮੋਹਾਲੀ।

ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਨਾਇਬ ਤਹਿਸੀਲਦਾਰ, ਦਿਝੁਬਾ, ਜ਼ਿਲ੍ਹਾ ਸੰਗਰੂਰ।

ਨੋਟਿਸ ਮੁਨਾਦੀ/ਅਖਬਾਰ ਇਸ਼ਤਿਹਾਰ ਤਕਸੀਮ ਕੇਸ (ਮਿਸਲ ਨੰ: 82 ਏ ਸੀ 1 ਮਿਤੀ 1.7.2021) ਸੰਬੰਧੀ ਰਕਬਾ ਗੁੱਜਰਾਂ ਤਹਿਸੀਲਦਾਰ ਦਿਝੁਬਾ, ਜ਼ਿਲ੍ਹਾ ਸੰਗਰੂਰ।

1. ਬਲਵੀਰ ਸਿੰਘ ਪੁੱਤਰ ਰਾਮ ਸਿੰਘ ਪੁੱਤਰ ਗੁਰਦਿਆਲ ਸਿੰਘ 2. ਗੁਰਪ੍ਰੀਤ ਸਿੰਘ ਪੁੱਤਰ ਬਲਵੀਰ ਸਿੰਘ ਪੁੱਤਰ ਹਰਭਜਨ ਸਿੰਘ ਵਾਸੀਆਨ ਗੁੱਜਰਾਂ ਤਹਿ: ਦਿਝੁਬਾ ਜ਼ਿਲ੍ਹਾ ਸੰਗਰੂਰ। ਸਾਇਲ

1. ਸੁਖਵਿੰਦਰ ਸਿੰਘ 2. ਸਤਵੀਰ ਸਿੰਘ 3. ਹਰਭਜਨ ਸਿੰਘ ਪੁੱਤਰਾਨ ਰਾਮ ਸਿੰਘ ਪੁੱਤਰ ਗੁਰਦਿਆਲ ਸਿੰਘ 4. ਬਲਦੇਵ ਕੌਰ ਪੁੱਤਰੀ ਗੁਰਦਿਆਲ ਸਿੰਘ ਪੁੱਤਰ ਜੈ ਸਿੰਘ 5. ਗੁਰਪ੍ਰੀਤ ਕੌਰ ਪਤਨੀ ਪਰਮਜੀਤ ਸਿੰਘ ਪੁੱਤਰ ਹਰਭਜਨ ਸਿੰਘ 6. ਗੁਰਕ੍ਰਿਪਾਲ ਕੌਰ ਪਤਨੀ ਹਰਭਜਨ ਸਿੰਘ ਪੁੱਤਰ ਰਾਮ ਸਿੰਘ 7. ਪਿਆਰਾ ਸਿੰਘ ਪੁੱਤਰ ਕਰਤਾਰ ਸਿੰਘ 8. ਜਾਗਰ ਸਿੰਘ ਪੁੱਤਰ ਕਰਤਾਰ ਸਿੰਘ 9. ਮੱਘਰ ਸਿੰਘ ਪੁੱਤਰ ਦਲੀਪ ਸਿੰਘ 10. ਪ੍ਰਗਟ ਸਿੰਘ 11. ਜਨਕ ਸਿੰਘ ਪੁੱਤਰਾਨ ਸਾਧੂ ਸਿੰਘ ਪੁੱਤਰ ਮੁਕੰਦ ਸਿੰਘ ਵਾਸੀਆਨ ਗੁੱਜਰਾਂ ਤਹਿ: ਦਿਝੁਬਾ ਜ਼ਿਲ੍ਹਾ ਸੰਗਰੂਰ 12. ਐੱਮ ਜੀ ਬੀ ਬੈਂਕ ਬਰਾਂਚ ਖਨਾਲ ਕਲਾਂ ਰਾਹੀਂ ਮੈਨੇਜਰ 13. ਸਟੇਟ ਬੈਂਕ ਆਫ ਪਟਿਆਲਾ ਹੁਣ ਸਟੇਟ ਬੈਂਕ ਆਫ ਇੰਡੀਆ ਬਰਾਂਚ ਸੁਲਰ ਘਰਾਟ ਰਾਹੀਂ ਮੈਨੇਜਰ 14. ਪੰਜਾਬ ਐਂਡ ਸਿੰਧ ਬੈਂਕ ਬਰਾਂਚ ਸੁਲਰ ਘਰਾਟ ਰਾਹੀਂ ਮੈਨੇਜਰ 15. ਪੰਜਾਬ ਗ੍ਰਾਮੀਣ ਬੈਂਕ ਬਰਾਂਚ ਖਨਾਲ ਕਲਾਂ ਰਾਹੀਂ ਮੈਨੇਜਰ, ਮਸੂਲ ਨੰ: 4 ਅਤੇ 7 ਦੇ ਵਾਰਸ ਮੱਖਣ ਸਿੰਘ ਪੁੱਤਰ ਛੱਜੂ ਸਿੰਘ, ਗਮਦੂਰ ਸਿੰਘ ਪੁੱਤਰ ਛੱਜੂ ਸਿੰਘ, ਮਨਜੀਤ ਸਿੰਘ ਪੁੱਤਰ ਛੱਜੂ ਸਿੰਘ ਵਾਸੀਆਨ ਛਾਹੜ ਤਹਿਸੀਲ ਸੁਨਾਮ ਜ਼ਿਲ੍ਹਾ ਸੰਗਰੂਰ, ਬੀਬ ਕੌਰ ਪੁੱਤਰੀ ਛੱਜੂ ਸਿੰਘ (ਪਤਨੀ ਜਗਪਾਲ ਸਿੰਘ) ਵਾਸੀ ਲਾਡਬੰਜਾਰਾ ਕਲਾਂ ਤਹਿ: ਦਿਝੁਬਾ ਜ਼ਿਲ੍ਹਾ ਸੰਗਰੂਰ ਅਤੇ ਬਲਜੀਤ ਕੌਰ ਪੁੱਤਰੀ ਛੱਜੂ ਸਿੰਘ (ਪਤਨੀ ਬਾਵਾ ਸਿੰਘ) ਵਾਸੀ ਛਾਜਲਾ ਤਹਿ: ਸੁਨਾਮ ਜ਼ਿਲ੍ਹਾ ਸੰਗਰੂਰ। ਮਸੂਲਇਲਮ

ਕੀਏ ਜਾਨੇ ਦਰੁੱਸਤੀ ਗਿਰਦਾਵਰੀ ਖਾਤਾ ਨੰ: 4/9 ਤਾ 16 ਖਸਰਾ ਨੰਬਰ 98//3/1 (0-10), 99//6/3 (4-9), 14/2/2 (3-16), 98//12 (8-0), 99//5/1 (2-15), 98//1/1 (2-12), 3/2 (1-17), 10/2 (7-19), 13 ਮਿੰਨ (4-4), 99//6/1 (1-6), 98//13 ਮਿੰਨ (3-0), 18 (8-0) 19 (8-0), 98//20 (8-0), 99//15/1 (1-5), 15/3 (4-9), 16/2 (7-7), 17/1 (0-3), 17/3 (6-6) 24/1 (3-6), 24/3 (2-9), 25/1 (4-0), 25/2 (4-0), 111//4/1 (0-9), 4/3 (5-16), 111//5/1 (4-8), 98//11 (8-0), 98//2 (2-13), 8 (8-0) 9 (8-0) 377/0-5), 603 (1-12) ਤੈਦਾਦੀ 136 ਕਨਾਲ 15 ਮਰਲਾ ਵਾਕਾ ਰਕਬਾ ਗੁੱਜਰਾਂ ਮੁਤਾਬਕ ਜਮਾਂਬੰਦੀ ਸਾਲ 2018-19 ਵਿੱਚੋਂ ਸਾਇਲਾਨ ਦਾ ਹਿੱਸਾ ਚੰਗੀ ਵਿੱਚੋਂ ਚੰਗੀ ਤੇ ਮਾੜੀ ਵਿੱਚੋਂ ਮਾੜੀ ਕਿਸਮ ਵਾਰ ਕਬਜ਼ਾ ਨੂੰ ਮੁੱਖ ਰੱਖਦੇ ਹੋਏ ਤਕਸੀਮ ਕੀਤੀ ਜਾਵੇ। ਹਸਬ ਦਫਾ 111 ਪੰਜਾਬ ਲੈਂਡ ਰੈਵੇਨਿਊ ਐਕਟ।

ਇਸ ਨੋਟਿਸ ਅਖਬਾਰ ਰਾਹੀਂ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਅਨੁਵਾਨ ਕੇਸ ਵਿੱਚ ਦਰਜ ਮਸੂਲਇਲਮ ਜਿਨ੍ਹਾਂ ਦੀ ਇਤਲਾਹ ਸਧਾਰਨ ਤਰੀਕੇ ਨਾਲ ਨਹੀਂ ਹੋ ਸਕਦੀ। ਉਕਤ ਦਰਜ ਮਸੂਲਇਲਮਾਂ ਨੂੰ ਇਸ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਮਸੂਲਇਲਮ ਖੁਦ ਆਪ ਜਾਂ ਆਪਣੇ ਵਕੀਲ ਰਾਹੀਂ ਪੈਰਵੀ ਕਰਨਾ ਚਾਹੁੰਦੇ ਹਨ, ਤਾਂ ਇਸ ਨੋਟਿਸ ਦੇ ਜਾਰੀ ਹੋਣ ਤੋਂ ਤਰੀਕ ਪੇਸ਼ੀ ਮਿਤੀ 5.5.2023 ਨੂੰ ਨਿਮਨਹਸਤਾਖਰ ਦੀ ਅਦਾਲਤ ਵਿੱਚ ਹਾਜ਼ਰ ਹੋ ਕਰ ਕੇਸ ਦੀ ਪੈਰਵੀ ਕਰ ਸਕਦੇ ਹਨ, ਬਾਅਦ ਗੁਜ਼ਰਨੇ ਮਿਆਦ ਕੋਈ ਵੀ ਇਤਰਾਜ਼ ਕਾਬਲੇ ਸਮਾਇਤ ਨਹੀਂ ਹੋਵੇਗਾ। ਇਹ ਨੋਟਿਸ ਅੱਜ ਮਿਤੀ 20.4.2023 ਨੂੰ ਮੇਰੇ ਹਸਤਾਖਰ/ਮੋਹਰ ਹੇਠ ਜਾਰੀ ਕੀਤਾ ਗਿਆ ਹੈ।

ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਨਾਇਬ ਤਹਿਸੀਲਦਾਰ ਦਿਝੁਬਾ।
ਨੰ: 144/ਰੀਡਰ-2/ਮਿਤੀ 20.4.23

ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸ੍ਰੀ ਰਨਵੀਰ ਸਿੰਘ ਜਾਇੰਟ ਸਬ-ਰਜਿਸਟਰਾਰ, ਬਰੇਟਾ।

ਵਿਸ਼ਾ-ਖਾਨਗੀ ਵਸੀਅਤ ਤਾਰਾਵੰਤੀ ਪਤਨੀ ਬੁੱਢਾ ਮੱਲ ਪੁੱਤਰ ਨਰਾਇਣ ਮੱਲ ਵਾਸੀ ਹਨੂੰਮਾਨ ਮੰਦਰ, ਸਤਾਨਾ ਤਹਿ: ਵਾ ਜ਼ਿਲ੍ਹਾ ਸਤਾਨਾ ਰਜਿਸਟਰਡ ਕਰਨ ਬਾਰੇ।

ਨੋਟਿਸ ਬਨਾਮ-ਆਮ ਜਨਤਾ

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫਤਰ ਵਿੱਚ ਹਰਚਰਨ ਸਿੰਘ ਪੁੱਤਰ ਗੁਰਦਿਆਲ ਸਿੰਘ ਅਤੇ ਨਾਜਰ ਸਿੰਘ ਪੁੱਤਰ ਜਵਾਲਾ ਸਿੰਘ ਵਾਸੀ ਬੋਹਾ ਨੇ ਦਰਖਾਸਤ ਮਿਤੀ 20.4.2023 ਨੂੰ ਪੇਸ਼ ਕਰਕੇ ਬੇਨਤੀ ਕੀਤੀ ਹੈ ਕਿ ਤਾਰਾਵੰਤੀ ਪਤਨੀ ਬੁੱਢਾ ਮੱਲ ਪੁੱਤਰ ਨਰਾਇਣ ਮੱਲ ਵਾਸੀ ਸਤਾਨਾ ਜਿਨ੍ਹਾਂ ਦੀ ਮਿਤੀ 3.5.2022 ਨੂੰ ਮੌਤ ਹੋ ਚੁੱਕੀ ਹੈ, ਜਿਸ ਨੇ ਇੱਕ ਖਾਨਗੀ ਵਸੀਅਤ ਮਿਤੀ 15.3.2021 ਨੂੰ ਬਾਹੱਕ ਹਰਚਰਨ ਸਿੰਘ ਪੁੱਤਰ ਗੁਰਦਿਆਲ ਸਿੰਘ, ਗੁਰਮੇਲ ਸਿੰਘ-ਕੁਲਵੰਤ ਸਿੰਘ ਬੇਟੇ ਮੱਘਰ ਸਿੰਘ ਅਤੇ ਦਰਸ਼ਨ ਸਿੰਘ-ਨਾਜਰ ਸਿੰਘ ਬੇਟੇ ਜਵਾਲਾ ਸਿੰਘ ਅਤੇ ਕੁਲਦੀਪ ਸਿੰਘ ਪੁੱਤਰ ਨਛੱਤਰ ਸਿੰਘ ਅਤੇ ਰਨਦੀਪ ਸਿੰਘ ਪੁੱਤਰ ਸੁਰਜੀਤ ਸਿੰਘ ਕਰਵਾਈ ਹੋਈ ਹੈ। ਹੁਣ ਵਸੀਅਤ ਕੁਨਿੰਦਾ ਦੀ ਮਿਤੀ 3.5.2022 ਨੂੰ ਮੌਤ ਹੋ ਚੁੱਕੀ ਹੈ। ਇਸ ਦਫਤਰ ਵਿੱਚ ਹਰਚਰਨ ਸਿੰਘ ਪੁੱਤਰ ਗੁਰਦਿਆਲ ਸਿੰਘ ਅਤੇ ਨਾਜਰ ਸਿੰਘ ਪੁੱਤਰ ਜਵਾਲਾ ਸਿੰਘ ਵਾਸੀ ਬੋਹਾ ਖਾਨਗੀ ਵਸੀਅਤ ਰਜਿਸਟਰਡ ਕਰਵਾਉਣ ਲਈ ਮਿਤੀ 20.4.2023 ਨੂੰ ਪੇਸ਼ ਹੋਏ ਹਨ। ਇਸ ਲਈ ਇਸ ਵਸੀਅਤ ਖਾਨਗੀ ਦੇ ਰਜਿਸਟਰਡ ਹੋਣ ਬਾਰੇ ਜੇਕਰ ਕਿਸੇ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਇਸ ਨੋਟਿਸ ਦੇ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਅਸਾਲਤਨ ਜਾਂ ਵਕਾਲਤਨ ਆਪਣਾ ਉਜ਼ਰ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਉਜ਼ਰ ਕਾਬਲੇ ਸਮਾਇਤ ਨਹੀਂ ਹੋਵੇਗਾ ਅਤੇ ਵਸੀਅਤ ਨਿਯਮਾਂ ਅਨੁਸਾਰ ਰਜਿਸਟਰਡ ਕਰ ਦਿੱਤੀ ਜਾਵੇਗੀ।

ਅੱਜ ਇਹ ਇਸ਼ਤਿਹਾਰ ਮਿਤੀ 24.4.2023 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਹੇਠ ਜਾਰੀ ਕੀਤਾ ਗਿਆ।

ਜਾਇੰਟ ਸਬ-ਰਜਿਸਟਰਾਰ, ਬਰੇਟਾ।

Court Notice

(U/o 5 Rule 20 CPC)
In the Court of
Sh. Barjinder Pal Singh,
Principal Judge, Family Court, Dera Basi
CNR No. PBSAF3-000601-2022
Next Date : 18-05-2023
Rishika
Vs
Neeraj Chaudhary

Publication issued to : Neeraj Chaudhary S/o Kewal Krishan R/o Vill. Chak Banwala, PS. Arniwala Fazilka , Tehsil & Distt. Fazilka, Pb-152123

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 18.5.2023 at 10.00 a.m.

For details logon to https://highcourtchd.gov.in/?trs=district notice & district=SAS Nagar

Principal Judge, Family Court, Dera Basi
Dated this day of 31.03.2023

ਦਫਤਰ ਨਗਰ ਕੌਂਸਲ ਰੂਪਨਗਰ (ਪਬਲਿਕ ਨੋਟਿਸ)

ਹਰ ਆਮ ਅਤੇ ਖਾਸ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਗਗਨਦੀਪ ਸਿੰਘ ਵਾ ਸ੍ਰੀ ਨਵਦੀਪ ਸਿੰਘ ਪੁੱਤਰਾਨ ਸਵ: ਸ੍ਰੀ ਜਰਨੈਲ ਸਿੰਘ ਵਾਸੀ ਮਕਾਨ ਨੰਬਰ 653 ਗਿਆਨੀ ਜ਼ੈਲ ਸਿੰਘ ਨਗਰ ਰੂਪਨਗਰ ਨੇ ਆਪਣੀ ਪ੍ਰਾਪਰਟੀ ਨੰਬਰ 98-ਸੀ ਵਾਕਿਆ ਸ਼ੇਖਾ ਮੁਹੱਲਾ ਰੂਪਨਗਰ ਨੂੰ ਆਪਣੇ ਨਾਂਅ 'ਤੇ ਤਬਦੀਲ ਕਰਨ ਲਈ ਬੇਨਤੀ ਕੀਤੀ ਹੈ। ਨਗਰ ਕੌਂਸਲ ਦੁਆਰਾ ਪ੍ਰਾਪਰਟੀ ਟੈਕਸ ਮੰਤਵ ਸਰਵੇ ਸਾਲ 2014-15 ਦੇ ਅਨੁਸਾਰ ਯੂ ਆਈ ਡੀ ਨੰਬਰ RN/003/00134/00/00 JARNAIL SINGH S/O SH. JOGINDER SINHG ਦੇ ਨਾਂਅ 'ਤੇ ਦਰਜ ਹੈ। ਪ੍ਰਾਰਥੀ ਦੇ ਪਿਤਾ ਸ੍ਰੀ ਜਰਨੈਲ ਸਿੰਘ ਦੀ ਮੌਤ ਮਿਤੀ 14.7.2022 ਨੂੰ ਹੋ ਗਈ ਸੀ ਅਤੇ ਮਾਤਾ ਸ੍ਰੀਮਤੀ ਸੁਖਵਿੰਦਰ ਕੌਰ ਦੀ ਮੌਤ ਮਿਤੀ 16.2.2015 ਨੂੰ ਹੋ ਗਈ ਸੀ। ਸਵ: ਜਰਨੈਲ ਸਿੰਘ ਵੱਲੋਂ ਆਪਣੀ ਮੌਤ ਤੋਂ ਪਹਿਲਾਂ ਕੋਈ ਵੀ ਰਜਿਸਟਰਡ/ਅਣ-ਰਜਿਸਟਰਡ ਵਸੀਅਤ ਤਹਿਰੀਰ ਨਹੀਂ ਕੀਤੀ ਗਈ। ਸਵ: ਜਰਨੈਲ ਸਿੰਘ ਦੀ ਮੌਤ ਤੋਂ ਬਾਅਦ ਉਹਨਾ ਦੇ ਦੋ ਵਾਰਸ ਹਨ : 1. ਗਗਨਦੀਪ ਸਿੰਘ (ਪੁੱਤਰ) 2. ਨਵਦੀਪ ਸਿੰਘ (ਪੁੱਤਰ) ਹਨ। ਪ੍ਰਾਰਥੀਆਂ ਦੀ ਦਰਖਾਸਤ ਦੇ ਨਾਲ ਸਵੈ-ਘੋਸ਼ਣਾ ਪੱਤਰ, ਮੌਤ ਦੇ ਸਰਟੀਫਿਕੇਟ ਦੀ ਕਾਪੀ ਨਾਲ ਨੱਥੀ ਹੈ। ਪ੍ਰਾਰਥੀ ਦੀ ਇਹ ਦਰਖਾਸਤ ਨਗਰ ਕੌਂਸਲ ਦੇ ਵਿਚਾਰ ਅਧੀਨ ਹੈ। ਉਕਤ ਅਨੁਸਾਰ ਪ੍ਰਾਪਰਟੀ ਨੰਬਰ 98-ਸੀ ਵਾਕਿਆ ਸ਼ੇਖਾ ਮੁਹੱਲਾ ਰੂਪਨਗਰ ਨੂੰ ਤਬਦੀਲ ਕਰਨ ਸੰਬੰਧੀ ਅਗਰ ਕਿਸੇ ਵੀ ਵਿਅਕਤੀ ਨੂੰ ਕਿਸੇ ਕਿਸਮ ਦਾ ਕੋਈ ਇਤਰਾਜ਼ ਹੋਵੇ ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਤ ਹੋਣ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਲਿਖਤੀ ਰੂਪ ਵਿੱਚ ਦਫਤਰ ਨਗਰ ਕੌਂਸਲ ਰੂਪਨਗਰ ਵਿਖੇ ਪੇਸ਼ ਕਰ ਸਕਦਾ ਹੈ। ਮਿੱਥੇ ਸਮੇਂ ਤੋਂ ਬਾਅਦ ਆਏ ਇਤਰਾਜ਼ 'ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਪ੍ਰਾਰਥੀ ਦੇ ਬੇਨਤੀ ਪੱਤਰ ਦੇ ਨਾਲ ਸਵੈ-ਘੋਸ਼ਣਾ ਪੱਤਰ, ਮੌਤ ਦੇ ਸਰਟੀਫਿਕੇਟ ਦੀ ਕਾਪੀ ਅਨੁਸਾਰ ਪ੍ਰਾਪਰਟੀ ਸਰਵੇ 2014-15 ਅਨੁਸਾਰ ਯੂ ਆਈ ਡੀ ਆਰ ਐੱਨ/003/00134/00/00 ਦੇ ਰਾਹੀਂ ਪ੍ਰਾਪਰਟੀ ਨੰਬਰ 98-ਸੀ ਵਾਕਿਆ ਸ਼ੇਖਾ ਮੁਹੱਲਾ ਰੂਪਨਗਰ ਅਤੇ ਨਗਰ ਕੌਂਸਲ ਦੁਆਰਾ ਪ੍ਰਾਪਰਟੀ ਟੈਕਸ ਮੰਤਵ ਲਈ ਤਿਆਰ ਕੀਤੇ ਯੂ ਆਈ ਡੀ ਰਿਕਾਰਡ ਵਿੱਚ JARNAIL SINGH S/O SH. JOGINDER SINHG ਦੇ ਨਾਂਅ ਤੋਂ ਸ੍ਰੀ ਗਗਨਦੀਪ ਸਿੰਘ ਵਾ ਸ੍ਰੀ ਨਵਦੀਪ ਸਿੰਘ ਪੁੱਤਰਾਨ ਸਵ: ਸ੍ਰੀ ਜਰਨੈਲ ਸਿੰਘ ਦੇ ਨਾਂਅ 'ਤੇ ਪ੍ਰਾਪਰਟੀ ਟੈਕਸ ਮੰਤਵ ਲਈ ਯੂ ਆਈ ਡੀ ਵਿੱਚ ਤਬਦੀਲ ਕਰ ਦਿੱਤੀ ਜਾਵੇਗੀ।

ਕਾਰਜ ਸਾਧਕ ਅਫਸਰ, ਨਗਰ ਕੌਂਸਲ ਰੂਪਨਗਰ।
ਪੱਤਰ ਨੰ: 975/ਮਿਤੀ : 13.4.2023

Public Notice

This is to be put to notice that on behalf of my client Aadhar Housing Finance Ltd. (AHFL) following Public Notice for loss of original document may be publish by the company/owner.

"I Bhawna Gupta W/o Pankaj Gupta, is owner in possession of Property/House no. 4416-A, measuring about 11.5 Marlas (1 Marla=207 sqfts) situated in abadi Dayal Nagar Tehsil & Distt. Jalandhar comprised in Khasra No.32169/2607 vide Sale deed no. 2022-23/186/1/9233 dt. 7.12.2022. The previous chain documents i.e. the original sale deed No. 4935 dt. 31.10.1988 have been lost/missing is not traceable and owner is intending to lodge/register DDR/Lost information report in respect to loss of above said document to police. If any concern, Bank or may person having any claim, objection related to the above transactions/document and any objection regarding mortgage of said property with AHFL, he/she may Æaise objection to AHFL, PUDA Complex, Court Road, Opposite D.C. Office, Jalandhar-144001, within 7 days from the date of publication, failing which no claim will be entertained later by AHFL."

Note : The above said fact and notice has been drafted under the specific instructions of (AHFL) and our office/undersigned does not authenticate any of contents mentioned above.

Akhil Chopra, Advocate, Jalandhar

Court Notice

(Succession case)
In the Court of Sh. Gagandeep Singh Garg Civil Judge (Senior Division)-N.R.I. Court, Jalandhar.
CNR No. PBJL02-000160-2023
Next Date : 10.5.2023
Parminder Singh Ubhi
Versus
General Public

Notice to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 10.5.2023 at 10.00 a.m.

For details logon to https://highcourtchd.gov.in/?trs=district notice & district=Jalandhar

Civil Judge (Senior Division)-N.R.I. Court, Jalandhar.
Dated, this day of 5.4.2023

Court Notice

In the Court of Ms. Amita Singh Principal Judge, Family Court, Mansa.
CNR No. PBMN01-005808-2021
Next Date : 31.5.2023
Soma
Versus
Balvir Singh

Petition under section 13 of the Hindu Marriage Act 1955 to Dissolve the marriage in between the Parties by Virtue of Decree of Divorce on the ground of Cruelty.

Publication issued to : Balvir Singh S/o Ashok Kumar R/o Ashok Nagar, Ward No. 6, Fatehabad, Distt. Fatehabad.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 31.5.2023 at 10.00 a.m.

For details logon to https://highcourtchd.gov.in/?trs=district notice&district=Mansa

Principal Judge, Family Court, Mansa
Dated, this day of 24.4.2023

Lost & Found

Original sale deed No.427 dated 03.05.2016 executed by Harmeet Singh,Gagandeep Singh S/O Harbhajan Singh in favour of Davinderpal Singh S/O Manjit Singh has been lost,If anybody found please contact us-9855461823.

Public Notice

I Arpinderjit W/o. Kuldip Singh Sehdev, R/o. Rayya, Tehsil Baba Bakala (Amritsar) declare that in my son Mohit Sehdev's matric certificate my name is Rajni which is incorrect as it was the name given by my in-laws. My correct name as per my documents is Arpinderjit which also has been corrected in my son's birth certificate. (Athoula)

I, Lakhwinder Kaur Dhindsa W/o Late. Rajwinder Singh R/o Vill. Bassi Kikran PO Nara, Near Sood farm Tehsil & Distt. Hoshiarpur Punjab declare that my son Dapinder Singh is out of my control. I so disown all of them from our Moveable and Immoveable Properties anybody dealing with them his/ her own risk Concerned Note. (HITESH)

I, Mehta Darshan Pinakin S/o Pinakin and Mehta Sheena Darshan W/o Mehta Darshan Pinakin R/o N-803, Shukan Sky, Near City Pulse Theatre, Presently residing at H.No. 63, Rajan Colony, Jalandhar declare that our daughter Stuti Darshan Mehta is out of our control. We disinherit her from our moveable and immovable properties. We and our family shall not be held responsible for any her acts, deeds and things. All please note. (R)

ਆਮ ਸੂਚਨਾ

ਅਸੀਂ, ਤਿਲਕ ਰਾਜ ਸ਼ਰਮਾ ਪੁੱਤਰ ਕਿਸ਼ੋਰੀ ਲਾਲ ਵਾ ਨਿਸ਼ੀ ਸ਼ਰਮਾ ਪਤਨੀ ਤਿਲਕ ਰਾਜ ਸ਼ਰਮਾ ਵਾਸੀ 444, ਅਰਬਨ ਅਸਟੇਟ, ਫਗਵਾੜਾ (ਕਪੂਰਥਲਾ) ਦੇ ਹਾਂ। ਰਾਕੇਸ਼ ਕੁਮਾਰ ਤਿਲਕ ਰਾਜ ਦਾ ਭਾਣਜਾ ਸੀ, ਸਾਡਾ ਹਕੀਕੀ ਲੜਕਾ ਨਹੀਂ ਸੀ, ਜਿਸ ਦੀ ਮੌਤ 14.12.2022 ਨੂੰ ਹੋ ਚੁੱਕੀ ਹੈ। ਸਾਡੇ ਬੱਚੇ ਲੜਕਾ ਅਨਿਲ ਸ਼ਰਮਾ, ਲੜਕੀ ਰਿੰਤੂ ਸ਼ਰਮਾ ਵਿਦੇਸ਼ ਰਹਿੰਦੇ ਹਨ। ਰਾਕੇਸ਼ ਕੁਮਾਰ ਦੀ ਪਤਨੀ ਊਸ਼ਾ ਰਾਣੀ, ਇਹਨਾਂ ਦੇ ਬੱਚਿਆਂ ਦਾ ਸਾਡੀ ਚੱਲ-ਅਚੱਲ ਜਾਇਦਾਦ ਨਾਲ ਕੋਈ ਸੰਬੰਧ ਨਹੀਂ ਹੈ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (ਵੱਡਾ)

ਅਸੀਂ, ਅਮਰਜੀਤ ਸਿੰਘ ਪੁੱਤਰ ਗੁਰਦੀਪ ਸਿੰਘ ਅਤੇ ਕੁਲਦੀਪ ਕੌਰ ਪਤਨੀ ਅਮਰਜੀਤ ਸਿੰਘ ਵਾਸੀ ਪਿੰਡ

26-APRIL-PAGE-7.qxd 4/25/2023 10:36 PM Page 1

ਨਰੇਗਾ ਤਹਿਤ ਕੰਮ ਨਾ ਮਿਲਣ 'ਤੇ ਡੀ ਸੀ ਦਫਤਰ ਅੱਗੇ ਧਰਨਾ ਤੇ ਭੁੱਖ ਹੜਤਾਲ

- ਸੂਚਨਾ ਮੰਗਣ 'ਤੇ ਨਰੇਗਾ ਜੌਬ ਕਾਰਡ 'ਚੋਂ ਨਾਂਅ ਕੱਟਣ ਦੇ ਦੋਸ਼
- ਡੀ ਸੀ ਨੂੰ ਮਿਲਣ ਤੋਂ ਬਾਅਦ ਵੀ ਨਹੀਂ ਹੋਇਆ ਕੋਈ ਹੱਲ

ਫਾਜ਼ਿਲਕਾ (ਕ੍ਰਿਸ਼ਨ ਸਿੰਘ)-ਨਰੇਗਾ ਤਹਿਤ ਕੰਮ ਨਾ ਮਿਲਣ ਕਾਰਨ ਫਾਜ਼ਿਲਕਾ ਦੇ ਪਿੰਡ ਨਵਾਂ ਸਲੇਮਸ਼ਾਹ ਦੇ ਵਸਨੀਕ ਜੋੜੇ ਨੇ ਬੇਰੁਜ਼ਗਾਰੀ ਭੱਤੇ ਦੀ ਮੰਗ ਨੂੰ ਲੈ ਕੇ ਇੱਕ ਵਾਰ ਫਿਰ ਡੀ ਸੀ ਦਫਤਰ ਫਾਜ਼ਿਲਕਾ ਦੇ ਸਾਹਮਣੇ ਧਰਨਾ ਤੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਪਿੰਡ ਨਵਾਂ ਸਲੇਮਸ਼ਾਹ ਦੇ ਵਸਨੀਕ ਪ੍ਰੇਮ ਸਿੰਘ ਤੇ ਉਸ ਦੀ ਪਤਨੀ ਮਲਕੀਤ ਕੌਰ ਦਾ ਕਹਿਣਾ ਹੈ ਕਿ ਵਾਰ-ਵਾਰ ਅਧਿਕਾਰੀਆਂ ਨੂੰ ਮਿਲਣ ਦੇ ਬਾਵਜੂਦ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਡੀ ਸੀ ਫਾਜ਼ਿਲਕਾ ਮੈਡਮ ਸੋਨੂ ਦੁੱਗਲ ਨੂੰ ਮਿਲਣ ਤੋਂ ਬਾਅਦ ਵੀ ਉਨ੍ਹਾਂ ਦੀ ਮੰਗ ਪੂਰੀ ਨਹੀਂ ਕੀਤੀ ਜਾ ਰਹੀ ਹੈ। ਉਸ ਨੇ ਦੱਸਿਆ ਕਿ ਉਹ ਪਿਛਲੇ ਕਾਫੀ ਸਮੇਂ ਤੋਂ ਆਪਣੇ ਪਿੰਡ ਦੇ ਸਰਪੰਚ ਤੋਂ ਮਨਰੇਗਾ ਤਹਿਤ ਰੁਜ਼ਗਾਰ ਦੀ ਮੰਗ ਕਰ ਰਹੇ ਸਨ, ਪਰ ਅੱਜ ਤੱਕ ਉਨ੍ਹਾਂ ਨੂੰ ਕੋਈ ਰੁਜ਼ਗਾਰ ਨਹੀਂ ਮਿਲਿਆ। ਪਿਛਲੀ ਵਾਰ ਡੀ ਸੀ ਫਾਜ਼ਿਲਕਾ ਨੂੰ ਮਿਲਣ ਤੋਂ ਬਾਅਦ ਉਨ੍ਹਾਂ ਦੀ ਪਤਨੀ ਦਾ ਨਾਂਅ ਮਸਟਰੋਲ ਵਿੱਚ ਆਇਆ ਸੀ, ਪਰ ਉਨ੍ਹਾਂ ਦਾ ਨਾਂ ਨਹੀਂ ਆਇਆ। ਇਸ ਮਾਮਲੇ ਸਬੰਧੀ ਉਸ ਨੇ ਖੁਦ ਦਰਖਾਸਤ ਦਿੱਤੀ ਤੇ ਨਾ ਤਾਂ ਸਰਪੰਚ ਜਾਂ ਨਰੇਗਾ ਮੇਟ ਅਤੇ ਨਾ ਹੀ ਪਿੰਡ ਦੇ ਗ੍ਰਾਮ ਰੁਜ਼ਗਾਰ ਸੇਵਕ ਨੇ ਉਸ ਨੂੰ ਕੰਮ ਬਾਰੇ ਕੋਈ ਜਾਣਕਾਰੀ ਦਿੱਤੀ। ਇਸ ਬਾਰੇ ਪਤਾ ਲੱਗਣ 'ਤੇ ਜਦੋਂ ਉਹ ਨਰੇਗਾ ਦਫਤਰ ਜਾ ਕੇ ਏਪੀਓ ਨੂੰ ਮਿਲੇ ਤਾਂ ਪਤਾ ਲੱਗਾ ਕਿ ਨਰੇਗਾ ਜੌਬ ਕਾਰਡ ਵਿੱਚੋਂ ਉਸ ਦਾ ਨਾਂ ਕੱਟ ਦਿੱਤਾ ਗਿਆ ਹੈ। ਉਸ ਦਾ ਕਹਿਣਾ ਹੈ ਕਿ ਇਹ ਸਭ ਕੁਝ ਉਸ ਦੀ ਤਰਫੋਂ ਜਾਣਕਾਰੀ ਮੰਗਣ ਅਤੇ ਸਰਪੰਚ ਤੇ ਹੋਰ ਅਧਿਕਾਰੀਆਂ ਨੂੰ ਸ਼ਿਕਾਇਤ ਕਰਨ ਕਾਰਨ ਹੋਇਆ ਹੈ।

ਇਸ ਤੋਂ ਇਲਾਵਾ ਉਨ੍ਹਾਂ ਨਰੇਗਾ ਐਕਟ ਤਹਿਤ ਬੇਰੁਜ਼ਗਾਰੀ ਭੱਤੇ ਦੀ ਮੰਗ ਨੂੰ ਲੈ ਕੇ ਡਿਪਟੀ ਕਮਿਸ਼ਨਰ ਦਫਤਰ ਫਾਜ਼ਿਲਕਾ ਵਿਖੇ ਲਿਖਤੀ ਦਰਖਾਸਤ ਦਿੱਤੀ ਸੀ ਤੇ ਡੀ ਸੀ ਫਾਜ਼ਿਲਕਾ ਸਮੇਤ ਏਡੀਸੀ ਫਾਜ਼ਿਲਕਾ ਨੂੰ ਵੀ ਮਿਲ ਚੁੱਕੇ ਹਨ, ਪਰ ਅੱਜ ਤੱਕ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਅੱਜ ਜਦੋਂ ਡਿਪਟੀ ਕਮਿਸ਼ਨਰ ਫਾਜ਼ਿਲਕਾ ਮੈਡਮ ਸੀਨੂੰ ਦੁੱਗਲ ਦੇ ਦਫਤਰ ਜਾ ਕੇ ਉਨ੍ਹਾਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਵੀ ਸਬੰਧਤ ਨਰੇਗਾ ਅਧਿਕਾਰੀਆਂ ਦੇ ਹੱਕ ਵਿੱਚ ਬੋਲਦਿਆਂ ਉਲਟਾ ਉਨ੍ਹਾਂ 'ਤੇ ਦੋਸ਼ ਲਾਏ। ਇਸ ਦੇ ਨਾਲ ਹੀ ਮੈਡਮ ਡਿਪਟੀ ਕਮਿਸ਼ਨਰ ਦੀ ਬੇਰੁਜ਼ਗਾਰੀ ਭੱਤੇ ਦੀ ਮੰਗ ਨੂੰ ਸਿਰੇ ਤੋਂ ਰੱਦ ਕਰ ਦਿੱਤਾ।

ਡੀ ਸੀ ਮੈਡਮ ਨੂੰ ਉਸ ਦੇ ਪਿੰਡ ਦੇ ਕੁਝ ਲੋਕਾਂ ਵੱਲੋਂ ਦਿੱਤੇ ਬੇਰੁਜ਼ਗਾਰੀ ਭੱਤੇ ਦਾ ਸਬੂਤ ਦੇਣ ਦੇ ਬਾਵਜੂਦ ਉਸ ਨੇ ਇਨਕਾਰ ਕਰ ਦਿੱਤਾ, ਜਿਸ ਦੇ ਸਿੱਟੇ ਵਜੋਂ ਉਹ ਇੱਕ ਵਾਰ ਫਿਰ ਡੀ ਸੀ ਦਫਤਰ ਫਾਜ਼ਿਲਕਾ ਸਾਹਮਣੇ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਤੇ ਧਰਨਾ ਦੇਣ ਲਈ ਮਜਬੂਰ ਹੋ ਗਏ ਹਨ। ਉਨ੍ਹਾਂ ਕਿਹਾ ਕਿ ਜਦੋਂ ਤੱਕ ਉਨ੍ਹਾਂ ਦੀ ਮੰਗ ਪੂਰੀ ਨਹੀਂ ਹੁੰਦੀ, ਉਨ੍ਹਾਂ ਦਾ ਮਰਨ ਵਰਤ ਇਸੇ ਤਰ੍ਹਾਂ ਜਾਰੀ ਰਹੇਗਾ। ਉਨ੍ਹਾਂ ਮੰਗ ਕੀਤੀ ਕਿ ਨਰੇਗਾ ਤਹਿਤ ਕੰਮ ਦੇਣ ਦੀ ਵਾਰ-ਵਾਰ ਮੰਗ ਕਰਨ 'ਤੇ ਵੀ ਕੰਮ ਨਾ ਮਿਲਣ 'ਤੇ ਉਨ੍ਹਾਂ ਨੂੰ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ। ਜੇਕਰ ਉਨ੍ਹਾਂ ਦੀ ਜਲਦੀ ਸੁਣਵਾਈ ਨਾ ਹੋਈ ਤਾਂ ਉਹ ਮੁੱਖ ਮੰਤਰੀ ਭਗਵੰਤ ਮਾਨ ਦੇ ਦਫਤਰ ਅੱਗੇ ਧਰਨਾ ਦੇਣਗੇ।

ਮਈ ਦਿਵਸ ਦੇ ਸ਼ਹੀਦਾਂ ਨੂੰ ਸਮਰਪਤ ਵਿਸ਼ੇਸ਼ ਲੈਕਚਰ 30 ਨੂੰ

ਧੂਰੀ (ਸੁਖਦੇਵ ਧੂਰੀ)

ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਪਹਿਲੀ ਮਈ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਇੱਕ ਵਿਸ਼ੇਸ਼ ਲੈਕਚਰ ਦਾ ਆਯੋਜਨ ਚੌਧਰੀ ਬਾਰੂ ਮੱਲ ਦੀ ਧਰਮਸ਼ਾਲਾ ਵਿੱਚ ਸਵੇਰੇ 10 ਵਜੇ ਤੋਂ ਕੀਤਾ ਜਾ ਰਿਹਾ ਹੈ। ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਰਮਾ, ਤਹਿਸੀਲ ਸਕੱਤਰ ਡਾਕਟਰ ਮਨਿੰਦਰ ਸਿੰਘ ਧਾਲੀਵਾਲ, ਕਾਮਰੇਡ ਇੰਦਰ ਸਿੰਘ, ਕਾਮਰੇਡ ਲੀਲਾ ਖਾਂ ਤੇ ਕਾਮਰੇਡ ਗੁਰਦਿਆਲ ਨਿਰਮਾਣ ਨੇ ਦੱਸਿਆ ਕਿ ਅਜੋਕੇ ਸਮੇਂ ਦੌਰਾਨ ਮਜ਼ਦੂਰ ਜਮਾਤ ਦੇ ਹੋ ਰਹੇ ਘਾਣ ਤੇ ਉਨ੍ਹਾਂ ਉਪਰ ਵਧ ਰਹੇ ਕੰਮ ਦਬਾਅ ਕਾਰਨ ਉਹ ਬਹੁਤ ਹੀ ਔਖੇ ਸਮੇਂ ਵਿੱਚੋਂ ਲੰਘ ਰਹੀ ਹੈ। ਆਗੂਆਂ ਨੇ ਅੱਗੇ ਦੱਸਿਆ ਕਿ ਇਸ ਲੈਕਚਰ ਦੌਰਾਨ ਭਾਰਤੀ ਕਮਿਊਨਿਸਟ ਪਾਰਟੀ ਦੀ ਕੌਮੀ ਕੌਂਸਲ ਦੇ ਮੈਂਬਰ ਕਾਮਰੇਡ ਜਗਰੂਪ ਮੁੱਖ ਬੁਲਾਰੇ ਹੋਣਗੇ ਤੇ ਇਸ ਦਾ ਵਿਸ਼ਾ 'ਲੋਕਾਂ ਦੀ ਆਰਥਿਕਤਾ ਅਤੇ ਰੁਜ਼ਗਾਰ ਦਾ ਸਵਾਲ' ਹੋਵੇਗਾ। ਉਨ੍ਹਾਂ ਸਮੂਹ ਇਲਾਕਾ ਨਿਵਾਸੀਆਂ ਨੂੰ ਵੱਡੀ ਗਿਣਤੀ ਵਿੱਚ ਪ੍ਰੋਗਰਾਮ ਵਿੱਚ ਪਹੁੰਚਣ ਦੀ ਅਪੀਲ ਕੀਤੀ ਹੈ।

ਕੈਨੇਡਾ ਬੈਠੇ ਪ੍ਰਾਪਰਟੀ ਕਾਰੋਬਾਰੀ 'ਤੇ ਧੋਖਾਧੜੀ ਦਾ ਤੀਜਾ ਮਾਮਲਾ ਦਰਜ

- ਆਪਣੇ ਡਰਾਈਵਰ ਨੂੰ ਵਿਦੇਸ਼ ਭੇਜਣ ਦੇ ਨਾਂਅ 'ਤੇ 16 ਲੱਖ ਰੁਪਏ ਠੱਗਣ ਦੇ ਦੋਸ਼

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਇਲਾਕੇ ਦੇ ਪ੍ਰਾਪਰਟੀ ਕਾਰੋਬਾਰੀ ਰਹੇ ਤੇ ਹੁਣ ਕੈਨੇਡਾ 'ਚ ਰਹਿ ਰਹੇ ਹਰਮਿੰਦਰ ਸਿੰਘ ਵਾਸੀ ਹੰਬੋਵਾਲ ਹਾਲ ਵਾਸੀ ਗੁਰੂ ਕਾਲੋਨੀ 'ਤੇ ਸਥਾਨਕ ਪੁਲਸ ਨੇ ਆਪਣੇ ਡਰਾਈਵਰ ਨੂੰ ਵਿਦੇਸ਼ ਭੇਜਣ ਦੇ ਨਾਮ 'ਤੇ 16 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਹੇਠ ਇੱਕ ਹੋਰ ਮਾਮਲਾ ਦਰਜ ਕਰ ਲਿਆ ਹੈ, ਜਦਕਿ ਕਥਿਤ ਦੋਸ਼ੀ ਉੱਪਰ ਇਸ ਤੋਂ ਪਹਿਲਾਂ ਧੋਖਾਧੜੀ ਦੇ ਪਿਛਲੇ ਕੁਝ ਮਹੀਨਿਆਂ ਅੰਦਰ 2 ਮਾਮਲੇ ਪਹਿਲਾਂ ਦਰਜ ਹੋ ਚੁੱਕੇ ਹਨ। ਅਕਾਲਗੜ੍ਹ ਦੇ ਵਾਸੀ ਚਰਨਜੀਤ ਸਿੰਘ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਕਿ ਉਸ ਦਾ ਲੜਕਾ ਗੁਰਜੀਤ ਸਿੰਘ ਪ੍ਰਾਪਰਟੀ ਕਾਰੋਬਾਰੀ ਹਰਮਿੰਦਰ ਸਿੰਘ ਤੇ ਉਸ ਦੇ ਪਿਤਾ ਰਜਿੰਦਰ ਸਿੰਘ ਕੋਲ ਡਰਾਈਵਰੀ ਕਰਦਾ ਸੀ। ਸ਼ਿਕਾਇਤਕਰਤਾ ਅਨੁਸਾਰ ਹਰਮਿੰਦਰ ਸਿੰਘ ਨੇ ਮੇਰੇ ਲੜਕੇ ਨੂੰ ਦੱਸਿਆ ਕਿ ਉਸ ਦੀ ਪਤਨੀ, ਬੱਚੇ ਤੇ ਸਾਲੀ ਪਰਿਵਾਰ ਨਾਲ ਪੱਕੇ ਤੌਰ 'ਤੇ ਕੈਨੇਡਾ ਰਿਹਾਇਸ਼ੀ ਮਕਾਨ 'ਚ ਰਹਿ ਰਹੇ ਹਨ, ਜਿਨ੍ਹਾਂ ਨੇ ਪਹਿਲਾਂ ਵੀ ਕਈ ਨੌਜਵਾਨਾਂ ਨੂੰ ਕੈਨੇਡਾ ਭੇਜ ਕੇ ਉੱਥੇ ਰੋਜ਼ਗਾਰ ਦਿਵਾਇਆ ਹੈ। ਉਸ ਨੇ ਮੇਰੇ ਲੜਕੇ ਨੂੰ ਝਾਂਸਾ ਦਿੱਤਾ ਕਿ ਉਹ ਉਸ ਨੂੰ ਕੈਨੇਡਾ ਭੇਜ ਦੇਵੇਗਾ ਤੇ ਆਪਣੇ ਹੀ ਮਕਾਨ ਦੀ ਬੇਸਮੈਂਟ ਵਿੱਚ ਰੱਖ ਲਵੇਗਾ, ਪਰ ਉਸ ਨੂੰ ਲਿਜਾਣ ਲਈ 28 ਲੱਖ ਰੁਪਏ ਦਾ ਖਰਚ ਆਵੇਗਾ।

ਜਾਣਕਾਰੀ ਦਿੰਦਾ ਚਰਨਜੀਤ ਸਿੰਘ।

ਸ਼ਿਕਾਇਤਕਰਤਾ ਚਰਨਜੀਤ ਸਿੰਘ ਅਨੁਸਾਰ ਉਸ ਨੇ ਹਰਮਿੰਦਰ ਸਿੰਘ ਦੇ ਪਿਤਾ ਰਜਿੰਦਰ ਸਿੰਘ ਨਾਲ ਵੀ ਗੱਲ ਕੀਤੀ ਕਿ ਉਹ ਉਸ ਦੇ ਲੜਕੇ ਗੁਰਜੀਤ ਸਿੰਘ ਨੂੰ ਵਿਦੇਸ਼ ਭੇਜ ਦੇਣਗੇ। ਸਾਰੇ ਪਰਿਵਾਰ ਵੱਲੋਂ ਭਰੋਸਾ ਦੇਣ ਤੋਂ ਬਾਅਦ ਮੈਂ ਆਪਣੇ ਲੜਕੇ ਦਾ ਪਾਸਪੋਰਟ, ਫੋਟੋਆਂ, ਸਕੂਲ ਸਰਟੀਫਿਕੇਟ ਤੇ ਹੋਰ ਜ਼ਰੂਰੀ ਦਸਤਾਵੇਜ਼ ਤੋਂ ਇਲਾਵਾ 7 ਲੱਖ ਰੁਪਏ ਪੇਸ਼ਗੀ ਵਜੋਂ ਦੇ ਦਿੱਤੇ। ਇਸ ਤੋਂ ਇਲਾਵਾ ਗੁਰਜੀਤ ਸਿੰਘ ਦੀ ਜਾਇਦਾਦ, ਸਾਲਾਨਾ ਆਮਦਨ ਸਰਟੀਫਿਕੇਟ ਤੇ ਸੀ.ਏ. ਦੀ ਰਿਪੋਰਟ 'ਤੇ 12 ਹਜ਼ਾਰ ਰੁਪਏ ਖਰਚ ਕੇ ਹਰਮਿੰਦਰ ਸਿੰਘ ਨੂੰ ਸੌਂਪ ਦਿੱਤੇ। ਸ਼ਿਕਾਇਤਕਰਤਾ ਚਰਨਜੀਤ ਸਿੰਘ ਅਨੁਸਾਰ ਉਸ ਨੇ ਹਰਮਿੰਦਰ ਸਿੰਘ ਤੇ ਉਸ ਦੇ ਪਿਤਾ ਰਜਿੰਦਰ ਸਿੰਘ ਨੂੰ ਵੱਖ-ਵੱਖ ਮਿਤੀਆਂ ਰਾਹੀਂ ਆਪਣੇ ਲੜਕੇ ਨੂੰ ਵਿਦੇਸ਼ ਭੇਜਣ ਦੇ ਨਾਮ 'ਤੇ 16 ਲੱਖ ਰੁਪਏ ਕੁੱਲ ਦੇ ਦਿੱਤੇ, ਪਰ ਉਨ੍ਹਾਂ ਨੇ ਗੁਰਜੀਤ ਸਿੰਘ ਨੂੰ ਕੈਨੇਡਾ ਨਾ ਭੇਜਿਆ। ਪੁਲਸ ਅਧਿਕਾਰੀਆਂ ਵੱਲੋਂ ਸਾਰੇ ਮਾਮਲੇ ਦੀ ਜਾਂਚ ਕੀਤੀ ਗਈ ਤਾਂ ਉਸ ਵਿੱਚ ਪਾਇਆ ਗਿਆ ਕਿ ਹਰਮਿੰਦਰ ਸਿੰਘ ਤੇ ਰਜਿੰਦਰ ਸਿੰਘ ਨੇ ਗੁਰਜੀਤ ਸਿੰਘ ਨੂੰ ਵਿਦੇਸ਼ ਭੇਜਣ ਦੇ ਨਾਮ 'ਤੇ ਉਸ ਦੇ ਪਿਤਾ ਚਰਨਜੀਤ ਸਿੰਘ ਨਾਲ 16 ਲੱਖ ਰੁਪਏ ਦੀ ਧੋਖਾਧੜੀ ਕੀਤੀ, ਜਿਸ 'ਤੇ ਮਾਛੀਵਾੜਾ ਪੁਲਸ ਨੇ ਉਕਤ ਦੋਵਾਂ ਕਥਿਤ ਦੋਸ਼ੀਆਂ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਇਸ ਸਬੰਧੀ ਮਾਛੀਵਾੜਾ ਥਾਣਾ ਦੇ ਮੁਖੀ ਇੰਸਪੈਕਟਰ ਦਵਿੰਦਰਪਾਲ ਸਿੰਘ ਨੇ ਕਿਹਾ ਕਿ ਜਾਣਕਾਰੀ ਅਨੁਸਾਰ ਇਸ ਮਾਮਲੇ ਦਾ ਇੱਕ ਕਥਿਤ ਦੋਸ਼ੀ ਹਰਮਿੰਦਰ ਸਿੰਘ ਪਹਿਲਾਂ ਹੀ ਵਿਦੇਸ਼ ਜਾ ਚੁੱਕਾ ਹੈ, ਜਦਕਿ ਉਸ ਦੇ ਪਿਤਾ ਰਜਿੰਦਰ ਸਿੰਘ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤਾ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਵਿਦੇਸ਼ ਨਾ ਜਾਵੇ, ਇਸ ਸਬੰਧੀ ਕਾਨੂੰਨੀ ਪ੍ਰਕਿਰਿਆ ਆਰੰਭ ਕਰ ਦਿੱਤੀ ਹੈ।

ਬੀ ਕੇ ਯੂ ਲੱਖੋਵਾਲ ਦੇ ਸਰਗਰਮ ਮੈਂਬਰ ਪਰਮਿੰਦਰ ਸਿੰਘ ਢੀਂਡਸਾ ਨਹੀਂ ਰਹੇ

ਪਰਮਿੰਦਰ ਸਿੰਘ ਢੀਂਡਸਾ ਦੀ ਮ੍ਰਿਤਕ ਦੇਹ 'ਤੇ ਯੂਨੀਅਨ ਦਾ ਝੰਡਾ ਪਾਉਂਦੇ ਹੋਏ ਲੱਖੋਵਾਲ ਯੂਨੀਅਨ ਦੇ ਸੀਨੀਅਰ ਆਗੂ।

ਸਮਰਾਲਾ (ਸੁਰਜੀਤ ਸਿੰਘ)-ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਸਰਗਰਮ ਜੁਝਾਰੂ ਵਰਕਰ ਪਰਮਿੰਦਰ ਸਿੰਘ ਢੀਂਡਸਾ (65 ਸਾਲ) ਦਾ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਦੇਹਾਂਤ ਹੋ ਗਿਆ, ਜਿਨ੍ਹਾਂ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਢੀਂਡਸਾ ਵਿਖੇ ਕਰ ਦਿੱਤਾ ਗਿਆ।

ਅੰਤਿਮ ਸੰਸਕਾਰ ਮੌਕੇ ਅਵਤਾਰ ਸਿੰਘ ਮੇਹਲੋਂ ਸੀਨੀ: ਮੀਤ ਪ੍ਰਧਾਨ, ਪਰਮਿੰਦਰ ਸਿੰਘ ਪਾਲ ਮਾਜਰਾ ਜਨ: ਸਕੱਤਰ, ਮਨਜੀਤ ਸਿੰਘ ਢੀਂਡਸਾ ਜ਼ਿਲ੍ਹਾ ਪ੍ਰਧਾਨ ਨੇ ਹਾਜ਼ਰ ਹੋ ਕੇ ਪਰਮਿੰਦਰ ਸਿੰਘ ਦੀ ਮ੍ਰਿਤਕ ਦੇਹ 'ਤੇ ਯੂਨੀਅਨ ਦਾ ਝੰਡਾ ਪਾ ਕੇ ਸਲਾਮੀ ਦਿੱਤੀ। ਉਨ੍ਹਾ ਦੀ ਚਿਤਾ ਨੂੰ ਅਗਨੀ ਉਨ੍ਹਾ ਦੀ ਪੋਤਰੀ ਨੇ ਦਿੱਤੀ। ਇਸ ਮੌਕੇ ਮਨਜੀਤ ਸਿੰਘ ਢੀਂਡਸਾ ਨੇ ਦੱਸਿਆ ਕਿ ਪਰਮਿੰਦਰ ਸਿੰਘ ਢੀਂਡਸਾ ਲੱਖੋਵਾਲ ਯੂਨੀਅਨ ਵਿੱਚ ਇੱਕ ਸਰਗਰਮ ਮੈਂਬਰ ਵਜੋਂ ਹਮੇਸ਼ਾ ਭਰਪੂਰ ਯੋਗਦਾਨ ਪਾਉਂਦੇ ਰਹੇ। ਉਹ ਕੇਂਦਰ ਸਰਕਾਰ ਖਿਲਾਫ ਸੰਯੁਕਤ ਮੋਰਚੇ ਦੁਆਰਾ ਦਿੱਲੀ ਵਿਖੇ ਵਿੱਢੇ ਤਿੰਨ ਕਾਲੇ ਕਾਨੂੰਨਾਂ ਖਿਲਾਫ ਸਟੇਸ਼ਨ ਉਪਰ ਲੰਮਾਂ ਸਮਾਂ ਧਰਨੇ 'ਚ ਡਟੇ ਰਹੇ। ਉਨ੍ਹਾ ਦੀ ਅਦੁੱਤੀ ਦੇਣ ਨੂੰ ਯੂਨੀਅਨ ਹਮੇਸ਼ਾ ਯਾਦ ਰੱਖੇਗੀ। ਇਸ ਮੌਕੇ ਉਪਰੋਕਤ ਤੋਂ ਇਲਾਵਾ ਗੁਰਸੇਵਕ ਸਿੰਘ ਬਲਾਕ ਸਮਰਾਲਾ ਦੇ ਪ੍ਰਧਾਨ, ਸਤਵੰਤ ਸਿੰਘ ਪਾਲਮਾਜਰਾ ਮੀਤ ਪ੍ਰਧਾਨ ਸਮਰਾਲਾ, ਬਹਾਦਰ ਸਿੰਘ ਮੀਤ ਪ੍ਰਧਾਨ ਸਮਰਾਲਾ, ਮਲਕੀਤ ਸਿੰਘ ਫ਼ੌਜੀ, ਬਾਬਾ ਗੁਰਮੁਖ ਸਿੰਘ ਤੇ ਸਰਪੰਚ ਰਾਮ ਸਿੰਘ ਪਪੜੌਦੀ, ਬਲਵੰਤ ਸਿੰਘ ਮੰਜਾਲੀ ਕਲਾਂ, ਪ੍ਰਧਾਨ ਹਰਦੀਪ ਸਿੰਘ ਤੇ ਗਿਆਨੀ ਸੁਰਿੰਦਰ ਸਿੰਘ ਭਰਥਲਾ ਬਾਬਾ ਘੋਲੀ ਅਤੇ ਬਲਿਹਾਰ ਸਿੰਘ ਦੀਵਾਲਾ, ਹਰਪਾਲ ਸਿੰਘ, ਮੇਜਰ ਸਿੰਘ, ਪਿਆਰਾ ਸਿੰਘ ਬੰਬਾਂ, ਜਿੰਦੂ ਖੋਪਰ ਚਮਕੌਰ ਸਾਹਿਬ, ਹਰਪ੍ਰੀਤ ਸਿੰਘ ਬਾਲਿਓਂ, ਕੈਪਟਨ ਗੁਰਚਰਨ ਸਿੰਘ ਮੁਤਿਓ, ਕੁਲਵੰਤ ਸਿੰਘ, ਜਗਤਾਰ ਸਿੰਘ, ਕਸ਼ਮੀਰਾ ਸਿੰਘ ਮਾਦਪੁਰ ਨੇ ਹਾਜ਼ਰ ਹੋ ਕੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ। ਪਰਮਿੰਦਰ ਸਿੰਘ ਢੀਂਡਸਾ ਨਮਿੱਤ ਦੀ ਅੰਤਿਮ ਅਰਦਾਸ ਪਿੰਡ ਢੀਂਡਸਾ ਵਿਖੇ 2 ਮਈ 2023 ਨੂੰ ਹੋਵੇਗੀ।

ਨਸ਼ੀਲੇ ਪਾਊਡਰ ਸਮੇਤ ਦੋ ਔਰਤਾਂ ਕਾਬੂ

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)

ਪੁਲਸ ਨੇ ਵੱਖ ਵੱਖ ਥਾਵਾਂ ਤੋਂ 2 ਔਰਤਾਂ ਨੂੰ ਨਸ਼ੀਲੇ ਪਾਊਡਰ ਸਮੇਤ ਗ੍ਰਿਫ਼ਤਾਰ ਕਰਕੇ ਉਨ੍ਹਾਂ ਖ਼ਿਲਾਫ ਕੇਸ ਦਰਜ ਕੀਤਾ ਹੈ। ਸਿਟੀ ਪੁਲਸ ਚੌਕੀ ਪਾਤੜਾਂ ਦੀ ਪੁਲਸ ਨੇ ਦੋਵਾਂ ਔਰਤਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਹੋਰ ਪੁੱਛਗਿੱਛ ਲਈ ਇੱਕ ਦਿਨ ਦਾ ਰਿਮਾਂਡ ਹਾਸਲ ਕੀਤਾ ਹੈ। ਜਾਣਕਾਰੀ ਦਿੰਦਿਆਂ ਸਿਟੀ ਪੁਲਸ ਚੌਕੀ ਪਾਤੜਾਂ ਦੇ ਮੁਖੀ ਬਲਜੀਤ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਹਰਮੇਸ਼ ਸਿੰਘ ਵੱਲੋਂ ਪੁਲਸ ਪਾਰਟੀ ਸਮੇਤ ਚੁਨਾਗਰਾ ਰੋਡ ਪਾਤੜਾਂ ਉਤੇ ਗਸ਼ਤ ਕੀਤੀ ਜਾ ਰਹੀ ਸੀ। ਇਸ ਦੌਰਾਨ ਇੱਕ ਔਰਤ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਤਲਾਸ਼ੀ ਕਰਨ 'ਤੇ ਉਸ ਕੋਲੋਂ 35 ਗ੍ਰਾਮ ਨਸ਼ੀਲਾ ਪਾਊਡਰ ਬਰਾਮਦ ਹੋਇਆ ਤੇ ਇਸ ਔਰਤ ਦੀ ਪਹਿਚਾਣ ਹਰਦੀਪ ਕੌਰ ਵਾਸੀ ਪਿੰਡ ਹਰੀਗੜ੍ਹ ਜ਼ਿਲ੍ਹਾ ਸੰਗਰੂਰ ਹਾਲ ਆਬਾਦ ਹਰਮਨ ਨਗਰ ਚੁਨਾਗਰਾ ਰੋਡ ਪਾਤੜਾਂ ਵਜੋਂ ਹੋਈ। ਇਕ ਹੋਰ ਮਾਮਲੇ ਵਿੱਚ ਸਹਾਇਕ ਥਾਣੇਦਾਰ ਜਸਵੰਤ ਸਿੰਘ ਸਮੇਤ ਪੁਲਸ ਪਾਰਟੀ ਸਮੇਤ ਚੁਨਾਗਰਾ ਰੋਡ ਪਾਤੜਾਂ 'ਤੇ ਮੌਜੂਦ ਸੀ ਤਾਂ ਉਨ੍ਹਾਂ ਇੱਕ ਔਰਤ ਨੂੰ ਸ਼ੱਕ ਦੇ ਅਧਾਰ 'ਤੇ ਰੋਕਿਆ ਤਾਂ ਉਸ ਕੋਲੋਂ 30 ਗ੍ਰਾਮ ਨਸ਼ੀਲਾ ਪਾਊਡਰ ਬਰਾ

26-April-PAGE- 8.qxd 4/25/2023 10:46 PM Page 1

ਚੱਢਾ ਨੇ ਸਾਢੇ 11 ਲੱਖ ਦੀ ਲਾਗਤ ਵਾਲੇ ਨਵੇਂ ਬੋਰ ਦਾ ਕੰਮ ਸ਼ੁਰੂ ਕਰਵਾਇਆ

ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)- ਹਰ ਇਕ ਪਿੰਡ ਨੂੰ ਪਾਣੀ ਦੀ ਬੁਨਿਆਦੀ ਸਹੂਲਤ ਮੁਹੱਈਆ ਕਰਵਾਈ ਜਾਵੇਗੀ ਜਿਸ ਤਹਿਤ ਪੰਜਾਬ ਸਰਕਾਰ ਵੱਲੋਂ ਤੇਜ਼ੀ ਨਾਲ ਪਾਣੀ ਦੀ ਸੁਵਿਧਾ ਤੋਂ ਵਾਂਝੇ ਪਿੰਡਾਂ ਦੇ ਅੰਕੜੇ ਹਾਸਿਲ ਕਰਕੇ ਉਕਤ ਸਮੱਸਿਆ ਨੂੰ ਦੂਰ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਉਕਤ ਵਿਚਾਰ ਹਲਕਾ ਰੂਪਨਗਰ ਦੇ ਵਿਧਾਇਕ ਦਿਨੇਸ਼ ਚੱਢਾ ਨੇ ਨੂਰਪੁਰਬੇਦੀ ਸ਼ਹਿਰ 'ਚ ਸਾਢੇ 11 ਲੱਖ ਰੁਪਏ ਦੀ ਲਾਗਤ ਨਾਲ ਪੀਣ ਵਾਲੇ ਪਾਣੀ ਦੇ ਨਵੇਂ ਬੋਰ ਦਾ ਕੰਮ ਸ਼ੁਰੂ ਕਰਵਾਉਣ ਮੌਕੇ ਸੰਬੋਧਨ ਕਰਦਿਆਂ ਪ੍ਰਗਟਾਏ। ਜ਼ਿਕਰਯੋਗ ਹੈ ਕਿ ਭਾਵੇਂ ਨੂਰਪੁਰਬੇਦੀ ਸ਼ਹਿਰ ਨੂੰ ਵਾਟਰ ਟ੍ਰੀਟਮੈਂਟ ਪਲਾਂਟ ਤੋਂ ਪੀਣ ਵਾਲਾ ਸ਼ੁੱਧ ਪਾਣੀ ਮੁਹੱਈਆ ਕਰਵਾਇਆ ਜਾ ਰਿਹਾ ਹੈ। ਮਗਰ ਆਬਾਦੀ ਦੇ ਲਿਹਾਜ ਨਾਲ ਉਕਤ ਪਾਣੀ ਪੂਰਾ ਨਾ ਹੋਣ 'ਤੇ ਸਥਾਨਕ ਵਿਸ਼ਵਕਰਮਾ ਮੰਦਰ ਲਾਗੇ ਪਹਿਲਾਂ ਫੇਲ੍ਹ ਹੋ ਚੁੱਕੇ ਪੁਰਾਣੇ ਬੋਰ ਵਾਲੇ ਸਥਾਨ 'ਤੇ ਲੋਕਾਂ ਦੀ ਮੰਗ ਨੂੰ ਪੂਰਾ ਕਰਦਿਆਂ ਨਵਾਂ ਬੋਰ ਲਗਾਇਆ ਜਾ ਰਿਹਾ ਹੈ। ਵਿਧਾਇਕ ਚੱਢਾ ਨੇ ਆਖਿਆ ਕਿ 15ਵੇਂ ਵਿੱਤ ਕਮਿਸ਼ਨ ਤਹਿਤ ਹਾਸਿਲ ਹੋਈ ਉਕਤ ਗ੍ਰਾਂਟ ਰਾਹੀਂ ਲਗਾਏ ਜਾ ਰਹੇ ਨਵੇਂ ਬੋਰ ਨਾਲ ਲੋਕਾਂ ਦੀ ਪੀਣ ਵਾਲੇ ਪਾਣੀ ਦੀ ਕਾਫੀ ਹੱਦ ਤੱਕ ਮੁਸ਼ਕਿਲ ਹੱਲ ਹੋ ਜਾਵੇਗੀ। ਉਨਾਂ ਦੱਸਿਆ ਕਿ ਉਕਤ ਬੋਰ ਦਾ ਕਾਰਜ ਗ੍ਰਾਮ ਪੰਚਾਇਤ ਵੱਲੋਂ ਕਰਵਾਇਆ ਜਾਵੇਗਾ ਤੇ ਜਿਸ 'ਤੇ ਕਰੀਬ 11 ਲੱਖ 45 ਹਜ਼ਾਰ ਰੁਪਏ ਦੀ ਰਾਸ਼ੀ ਖਰਚ ਆਵੇਗੀ। ਉਨਾਂ ਦੱਸਿਆ ਕਿ ਕਰੀਬ ਸਾਢੇ 650 ਡੂੰਘਾ ਬੋਰ ਹੋਣ ਕਾਰਨ ਸ਼ਹਿਰ ਵਾਸੀਆਂ ਨੂੰ ਪੀਣ ਵਾਲਾ ਸਾਫ ਪਾਣੀ ਹਾਸਿਲ ਹੋ ਸਕੇਗਾ। ਉਨਾਂ ਕਿਹਾ ਕਿ ਆਪ ਸਰਕਾਰ ਨੇ ਆਪਣੇ ਥੋੜੇ ਸਮੇਂ 'ਚ ਹੀ ਉਹ ਕੰਮ ਕਰਕੇ ਦਿਖਾ ਦਿੱਤੇ ਹਨ ਜੋ ਪਹਿਲੀਆਂ ਸਰਕਾਰਾਂ ਆਪਣੇ ਕਾਰਜਕਾਲ ਦੇ ਆਖਰੀ ਦਿਨਾਂ 'ਚ ਕਰਨ 'ਤੇ ਜ਼ੋਰ ਲਗਾਉਂਦੀਆਂ ਹਨ। ਇਸ ਤੋਂ ਪਹਿਲਾਂ ਵਿਧਾਇਕ ਚੱਢਾ ਨੇ ਪਿੰਡ ਦੀ ਸਰਪੰਚ ਮਨਜੀਤ ਕੌਰ, ਨਗਰ ਪੰਚਾਇਤ ਨੂਰਪੁਰਬੇਦੀ ਦੇ ਸਾਬਕਾ ਪ੍ਰਧਾਨ ਮਾ. ਜਗਨ ਨਾਥ ਭੰਡਾਰੀ ਅਤੇ ਸਮਾਜਸੇਵੀ ਹਰੀ ਅਵਤਾਰ ਵਸ਼ਿਸ਼ਟ ਨੇ ਮਿਲ ਕੇ ਕਹੀ ਦਾ ਟੱਕ ਲਗਾਉਦਿਆਂ ਬੋਰ ਦਾ ਕੰਮ ਸ਼ੁਰੂ ਕਰਵਾਇਆ। ਇਸ ਮੌਕੇ ਵਿਭਾਗ ਦੇ ਐਸ.ਡੀ.ਓ. ਜਸਵੀਰ ਸਿੰਘ, ਸਰਪੰਚ ਮਨਜੀਤ ਕੌਰ, ਸਾ. ਪ੍ਰਧਾਨ ਜਗਨ ਨਾਥ ਭੰਡਾਰੀ, ਹਰੀ ਅਵਤਾਰ ਵਸ਼ਿਸ਼ਟ, ਰਾਮ ਪ੍ਰਸ਼ਾਦ ਪਾਲੀ, ਮੁਨੀਸ਼ ਪੁਰੀ, ਪੰਚ ਮਹਿੰਦਰ ਸ਼ਾਹ, ਸੰਜੂ ਬਾਂਸਲ, ਪੰਚ ਗੌਰਵ ਕਾਲੜਾ, ਅਸ਼ੋਕ ਬਹਿਕੀ, ਆਸ਼ੂ ਕਾਲੜਾ, ਤਾਰਾ ਸਿੰਘ ਮਝੈਲ, ਨਵੀਨ ਵਸ਼ਿਸ਼ਟ, ਅਮਰ ਚੰਦ, ਪੰਚ ਰਾਜ ਕੁਮਾਰ ਤੇ ਪੰਚ ਸਤਨਾਮ ਸਿੰਘ ਸਹਿਤ ਪਿੰਡ ਦੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

ਮੋਰਿੰਡਾ ਬੇਅਦਬੀ ਕਾਂਡ ਦੇ ਦੋਸ਼ੀਆਂ ਲਈ ਮਿਸਾਲੀ ਸਜ਼ਾ ਯਕੀਨੀ ਬਣਾਈ

ਚੰਡੀਗੜ੍ਹ (ਗੁਰਜੀਤ ਬਿੱਲਾ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੋਰਿੰਡਾ ਵਿਖੇ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਵਿਖੇ ਵਾਪਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ ਘਟਨਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਸ ਘਿਨਾਉਣੇ ਅਪਰਾਧ ਦੇ ਦੋਸ਼ੀਆਂ ਨੂੰ ਮਿਸਾਲੀ ਸਜਾ ਯਕੀਨੀ ਬਣਾਈ ਜਾਵੇਗੀ। ਇਸ ਘਟਨਾਕ੍ਰਮ 'ਤੇ ਨਜਰ ਰੱਖ ਰਹੇ ਮੁੱਖ ਮੰਤਰੀ ਨੇ ਇਸ ਨੂੰ ਮੰਦਭਾਗੀ ਅਤੇ ਦੁਖਦਾਈ ਘਟਨਾ ਦੱਸਿਆ, ਜਿਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਿਸ਼ਵਾਸ ਰੱਖਣ ਵਾਲੇ ਹਰੇਕ ਵਿਅਕਤੀ ਦਾ ਹਿਰਦਾ ਵਲੂੰਧਰਿਆ ਗਿਆ ਹੈ। ਉਨ੍ਹਾਂ ਲੋਕਾਂ ਨੂੰ ਸੰਜਮ ਵਰਤਣ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਘਿਨਾਉਣੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਦੋਸ਼ੀਆਂ ਵਿਰੁੱਧ ਮਿਸਾਲੀ ਕਾਰਵਾਈ ਯਕੀਨੀ ਬਣਾਈ ਜਾਵੇਗੀ। ਭਗਵੰਤ ਮਾਨ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਰ ਵਿਅਕਤੀ ਲਈ ਸਰਵਉੱਚ ਹਨ ਅਤੇ ਕਿਸੇ ਨੂੰ ਵੀ ਸੂਬੇ ਦੀ ਅਮਨ ਸ਼ਾਂਤੀ ਨੂੰ ਭੰਗ ਕਰਨ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਪਹਿਲਾਂ ਹੀ ਡੀ.ਜੀ.ਪੀ. ਨੂੰ ਇਸ ਮਾਮਲੇ ਦੀ ਜਾਂਚ ਵਿੱਚ ਤੇਜੀ ਲਿਆਉਣ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਪੁਲਸ ਨੇ ਸੂਬੇ ਦੇ ਕੋਨੇ-ਕੋਨੇ ਵਿੱਚ ਚੌਕਸੀ ਵਧਾ ਦਿੱਤੀ ਹੈ। ਭਗਵੰਤ ਮਾਨ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਜੋ ਵੀ ਵਿਅਕਤੀ ਅਜਿਹੀਆਂ ਹਰਕਤਾਂ ਰਾਹੀਂ ਸੂਬੇ ਦੀ ਅਮਨ-ਕਾਨੂੰਨ ਦੀ ਸਥਿਤੀ ਨੂੰ ਵਿਗਾੜਨ ਦੀ ਕੋਸ਼ਿਸ਼ ਕਰੇਗਾ, ਉਸ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ। ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਕਾਇਮ ਰੱਖਣ ਲਈ ਲੋਕਾਂ ਤੋਂ ਪੂਰਨ ਸਹਿਯੋਗ ਦੀ ਮੰਗ ਕਰਦਿਆਂ ਮੁੱਖ ਮੰਤਰੀ ਨੇ ਪੰਜਾਬ ਨੂੰ ਅਗਾਂਹਵਧੂ, ਸ਼ਾਂਤਮਈ ਅਤੇ ਖੁਸ਼ਹਾਲ ਸੂਬਾ ਬਣਾਉਣ ਲਈ ਆਪਸੀ ਸਦਭਾਵਨਾ, ਸ਼ਾਂਤੀ ਅਤੇ ਭਾਈਚਾਰਕ ਸਾਂਝ ਦੀਆਂ ਤੰਦਾਂ ਨੂੰ ਮਜਬੂਤ ਕਰਨ ਵਾਸਤੇ ਸਰਗਰਮ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ।

ਸਕੂਲਾਂ 'ਚ ਬੱਚਿਆਂ ਨੂੰ ਮਲੇਰੀਆ ਸੰਬੰਧੀ ਕੀਤਾ ਜਾਗਰੂਕ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)- ਡਾ:ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ.ਗੋਬਿੰਦ ਟੰਡਨ ਐਸ.ਐਮ.ਓ ਸ੍ਰੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਬਲਾਕ ਚਮਕੌਰ ਸਾਹਿਬ ਅਧੀਨ ਵੱਖ-ਵੱਖ ਸਕੂਲਾਂ ਵਿੱਚ ਬੱਚਿਆਂ ਨੂੰ ਮਲੇਰੀਆ ਸਬੰਧੀ ਜਾਗਰੂਕ ਕੀਤਾ ਗਿਆ। ਇਸ ਮੌਕੇ 'ਤੇ ਦਵਿੰਦਰ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਈਜਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਲੇਰੀਆ ਐਨਾਫਲੀਜ਼ ਨਾਂਅ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ, ਇਸ ਲਈ ਪਾਣੀ ਕਿਸੇ ਵੀ ਥਾਂ ਤੇ ਇਕੱਠਾ ਨਾ ਹੋਣ ਦਿੱਤਾ ਜਾਵੇ। ਉਨ੍ਹਾਂ ਮਲੇਰੀਆ ਦੇ ਲੱਛਣਾਂ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਮਲੇਰੀਆ ਠੰਡ ਅਤੇ ਕਾਂਬੇ ਨਾਲ ਤੇਜ ਬੁਖਾਰ ਚੜ੍ਹਦਾ ਹੈ। ਉਲਟੀਆਂ ਆਉਣਾ ਅਤੇ ਤੇਜ ਸਿਰ ਦਰਦ ਹੋਣਾ, ਬੁਖਾਰ ਉਤਰਨ ਤੋਂ ਬਾਅਦ ਥਕਾਵਟ ਤੇ ਕਮਜੋਰੀ ਮਹਿਸੂਸ ਹੋਣਾ ਅਤੇ ਸ਼ਰੀਰ ਦਾ ਪਸੀਨੋ ਪਸੀਨੀ ਹੋਣਾ ਆਦਿ ਸ਼ਾਮਲ ਹੁੰਦਾ ਹੈ। ਇਸ ਲਈ ਅਜਿਹੇ ਲੱਛਣ ਹੋਣ ਤੇ ਨੇੜੇ ਦੇ ਸਰਕਾਰੀ ਸਿਹਤ ਕੇਂਦਰ ਵਿੱਚ ਜਾ ਕੇ ਆਪਣੇ ਖੂਨ ਦੀ ਜਾਂਚ ਅਤੇ ਇਲਾਜ ਕਰਵਾਉਣਾ ਚਾਹੀਦਾ ਹੈ। ਸਰਕਾਰੀ ਸਿਹਤ ਕੇਂਦਰਾਂ ਵਿੱਚ ਮਲੇਰੀਆ ਦੀ ਜਾਂਚ ਤੇ ਇਲਾਜ ਮੁਫ਼ਤ ਕੀਤਾ ਜਾਂਦਾ ਹੈ। ਇਸ ਮੌਕੇ 'ਤੇ ਪਰਮਜੀਤ ਸਿੰਘ ਹੈਲਥ ਵਰਕਰ, ਬੇਅੰਤ ਸਿੰਘ ਹੈਲਥ ਵਰਕਰ, ਲਖਮਿੰਦਰ ਸਿੰਘ ਹੈਲਥ ਵਰਕਰ, ਪਰਦੀਪ ਕੁਮਾਰ, ਗੁਰਦੀਪ ਸਿੰਘ ਅਤੇ ਸਕੂਲੀ ਬੱਚੇ ਅਤੇ ਅਧਿਆਪਕ ਹਾਜਰ ਸਨ।

ਹਾਜੀ ਆਲਮਗੀਰ ਤੇ ਉਨ੍ਹਾ ਦੇ ਸਾਥੀ 'ਆਪ' 'ਚ ਸ਼ਾਮਲ

ਜਲੰਧਰ, (ਸ਼ੈਲੀ, ਸੁਰਿੰਦਰ)-ਜਲੰਧਰ ਲੋਕ ਸਭਾ ਹਲਕੇ ਦੇ ਹਲਕਾ ਆਦਮਪੁਰ ਵਿੱਚ ਗੁੱਜਰ ਭਾਈਚਾਰੇ ਦੇ ਸਾਲਾਂ ਤੋਂ ਕੱਟੜ ਕਾਂਗਰਸੀ ਵਜੋਂ ਜਾਣੇ ਜਾਂਦੇ ਹਾਜੀ ਆਲਮਗੀਰ ਆਪਣੇ ਦਰਜਨਾਂ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਖੇਤੀਬਾੜੀ ਅਤੇ ਪੰਚਾਇਤੀ ਰਾਜ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਹਾਜੀ ਆਲਮਗੀਰ ਅਤੇ ਉਨ੍ਹਾਂ ਦੇ ਸਾਰੇ ਸਾਥੀਆਂ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ। ਆਮ ਆਦਮੀ ਪਾਰਟੀ ਘੱਟ ਗਿਣਤੀ ਵਿੰਗ ਪੰਜਾਬ ਦੇ ਪ੍ਰਧਾਨ ਬਾਰੀ ਸਲਮਾਨੀ ਨੇ ਉਨ੍ਹਾਂ ਨੂੰ ਸ਼ਾਮਲ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਧਾਲੀਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਭਾਰੀ ਬਹੁਮਤ ਨਾਲ ਜਿੱਤ ਰਹੀ ਹੈ। ਆਮ ਆਦਮੀ ਪਾਰਟੀ ਨੂੰ ਹਰ ਵਰਗ ਦੇ ਲੋਕਾਂ ਦਾ ਭਰਪੂਰ ਸਮਰਥਨ ਮਿਲ ਰਿਹਾ ਹੈ।

ਮੁੱਖ ਖੇਤੀਬਾੜੀ ਅਫਸਰ ਵੱਲੋਂ ਖਾਦ, ਬੀਜ ਤੇ ਕੀਟਨਾਸ਼ਕ ਡੀਲਰਾਂ ਨਾਲ ਮੀਟਿੰਗ

ਕੁਰਾਲੀ (ਮੋਹਨ ਅੱਗਰਵਾਲ)-ਸਾਉਣੀ ਦੇ ਸ਼ੀਜਨ ਨੂੰ ਮੁੱਖ ਰੱਖਦੇ ਹੋਏ ਕਿਸਾਨਾਂ ਨੂੰ ਉੱਚ ਮਿਆਰ ਦੇ ਵਧੀਆ ਬੀਜ,ਖਾਦ ਅਤੇ ਕੀਟਨਾਸ਼ਕ /ਨਦੀਨਨਾਸ਼ਕ ਦਵਾਈਆਂ ਉਪਲਬੱਧ ਕਰਵਾਉਣ ਲਈ ਕੁਲਦੀਪ ਸਿੰਘ ਧਾਲੀਵਾਲ, ਖੇਤੀਬਾੜੀ ਮੰਤਰੀ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਡਾ. ਗੁਰਬਚਨ ਸਿੰਘ ਮੁੱਖ ਖੇਤੀਬਾੜੀ ਅਫਸਰ ਐਸ.ਏ.ਐਸ ਨਗਰ ਨੇ ਬਲਾਕ ਖਰੜ ਦੇ ਸਮੂਹ ਖਾਦ,ਬੀਜ ਅਤੇ ਕੀਟਨਾਸ਼ਕ ਦਵਾਈਆਂ ਦੇ ਡੀਲਰਾਂ ਨਾਲ ਮੀਟਿੰਗ ਕੀਤੀ ਅਤੇ ਸਖਤ ਹਦਾਇਤ ਕੀਤੀ ਕਿ ਕੋਈ ਵੀ ਡੀਲਰ ਬਿਨਾਂ ਲਾਇਸੈਂਸ ਅਤੇ ਅਡੀਸ਼ਨ ਤੋਂ ਖੇਤੀ ਸਮੱਗਰੀ ਆਪਣੀ ਦੁਕਾਨ ਵਿਚ ਨਹੀ ਰੱਖੇਗਾ ਅਤੇ ਨਾ ਹੀ ਵੇਚੇਗਾ। ਇਸ ਲਈ ਸਾਰੇ ਦਸਤਾਵੇਜ਼ ਮੁਕੰਮਲ ਰੱਖੇ ਜਾਣ ਅਤੇ ਹਰ ਕਿਸਾਨ ਨੂੰ ਖਰੀਦੇ ਸਮਾਨ ਦਾ ਬਿੱਲ ਜਰੂਰ ਦਿੱਤਾ ਜਾਵੇ। ਇਸ ਮੌਕੇ ਡਾ. ਹਰਸੰਗੀਤ ਸਿੰਘ ਏ.ਉ ਨੇ ਡੀਲਰਾਂ ਨੂੰ ਹਦਾਇਤ ਕੀਤੀ ਕਿ ਪੀ.ਏ.ਯੂ ਲੁਧਿਆਣਾ ਵੱਲੋਂ ਸਿਫਾਰਿਸ਼ ਕੀਤੀਆਂ ਝੋਨੇ ਦੀਆਂ ਕਿਸਮਾਂ ਅਤੇ ਕੀਟਨਾਸ਼ਕ ਦਵਾਈਆਂ ਹੀ ਵੇਚੀਆਂ ਜਾਣ। ਇਸ ਮੌਕੇ ਡਾ. ਸੰਦੀਪ ਕੁਮਾਰ ਏ.ਉ ਨੇ ਕਿਹਾ ਕਿ ਚੈਕਿੰਗ/ਸੈਂਪਲਿੰਗ ਦੌਰਾਨ ਅਗਰ ਕਿਸੇ ਵੀ ਕਿਸਮ ਦੀ ਊਣਤਾਈ ਫੜੀ ਗਈ ਤਾਂ ਕਾਨੂੰਨ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਡੀਲਰਾਂ ਵਿੱਚ ਸੁਰੇਸ਼ ਕੁਮਾਰ,ਅਰਵਿੰਦ ਬਾਂਸਲ ਟੋਨੀ, ਵਰੁਣ ਜੈਨ,ਹੈਪੀ,ਅਵਿਸ਼ੇਕ ਜੈਨ ਵਗੈਰਾ ਹਾਜ਼ਰ ਸਨ।

230 ਗ੍ਰਾਮ ਅਫੀਮ ਸਮੇਤ ਕਾਬੂ

ਸੁਲਤਾਨਪੁਰ ਲੋਧੀ , (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ) ਸਬ-ਡਵੀਜਨ ਸੁਲਤਾਨਪੁਰ ਲੋਧੀ ਦੇ ਡੀਐਸਪੀ ਬਬਨਦੀਪ ਸਿੰਘ ਤੇ ਥਾਣਾ ਸੁਲਤਾਨਪੁਰ ਲੋਧੀ ਦੇ ਮੁਖੀ ਇੰਸਪੈਕਟਰ ਸ਼ਿਵਕੰਵਲ ਸਿੰਘ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਮੁਹਿਮ ਤਹਿਤ ਇਕ ਨਸ਼ਾ ਸਮਗਲਰ ਨੂੰ 230 ਗ੍ਰਾਮ ਅਫੀਮ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਹੈ। ਡੀ.ਐਸ.ਪੀ. ਨੇ ਦੱਸਿਆ ਕਿ ਐਸ. ਪੀ. ਤਫਤੀਸ਼ ਕਪੂਰਥਲਾ ਹਰਵਿੰਦਰ ਸਿੰਘ ਦੀ ਅਗਵਾਈ 'ਚ ਥਾਣਾ ਸੁਲਤਾਨਪੁਰ ਲੋਧੀ ਦੇ ਏ.ਐਸ.ਆਈ ਲਖਵੀਰ ਸਿੰਘ ਨੇ ਪੁਲਸ ਗਸ਼ਤ ਦੌਰਾਨ ਡਡਵਿੰਡੀ ਫਾਟਕ ਤੋਂ ਸੱਜੀ ਤਰਫ ਮੋਨ ਰੋਡ ਪਰ ਇੱਕ ਮੋਨਾ ਨੌਜਵਾਨ ਸੜਕ ਕਿਨਾਰੇ ਖੜ੍ਹਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਦੇਖ ਕੇ ਪਿੰਡ ਭੋਰ ਵੱਲ ਨੂੰ ਕਾਹਲੀ ਕਾਹਲੀ ਤੁਰ ਪਿਆ, ਜਿਸਨੂੰ ਏ.ਐਸ.ਆਈ ਨੇ ਗੱਡੀ ਰੋਕ ਕੇ ਰੁਕਣ ਲਈ ਅਵਾਜ ਮਾਰੀ ਜਿਸਨੇ ਆਪਣੀ ਪਹਿਨੀ ਪੈਂਟ ਦੀ ਸੱਜੀ ਜੇਬ ਵਿੱਚੋ ਇੱਕ ਵਜਨਦਾਰ ਮੋਮੀ ਲਿਫਾਫਾ ਕੱਢ ਕੇ ਸੜਕ ਕਿਨਾਰੇ ਘਾਹ ਫੂਸ ਵਿੱਚ ਸੁੱਟ ਦਿੱਤਾ ਤੇ ਭੱਜਣ ਲੱਗਾ । ਜਿਸ ਨੂੰ ਕਾਬੂ ਕਰਨ 'ਤੇ ਇਸਦੀ ਪਹਿਚਾਣ ਸੈਟੀ ਰਾਮ ਉਰਫ ਸੈਟੀ ਪੁੱਤਰ ਸਿੰਦਾ ਵਾਸੀ ਪਪਰਾਲਾ ਥਾਣਾ ਚੀਕਾ ਤਹਿਸੀਲ ਗੁਲਾ ਜ਼ਿਲ੍ਹਾ ਕੈਥਲ ਸਟੇਟ ਹਰਿਆਣਾ ਵਜੋਂ ਹੋਈ। ਜਿਸ ਵੱਲੋ ਸੁੱਟੇ ਮੋਮੀ ਲਿਫਾਫਾ ਨੂੰ ਚੈੱਕ ਕਰਨ ਤੇ ਉਸ ਵਿੱਚੋਂ 230 ਗ੍ਰਾਮ ਅਫੀਮ ਬ੍ਰਾਮਦ ਹੋਈ ਜਿਸ 'ਤੇ ਮੁਕੱਦਮਾ ਦਰਜ ਕੀਤਾ ਗਿਆ ਹੈ। ਇੰਸਪੈਕਟਰ ਸ਼ਿਵਕੰਵਲ ਸਿੰਘ ਦੀ ਅਗਵਾਈ 'ਚ ਪੁਲਸ ਵੱਲੋਂ ਤਫਤੀਸ਼ ਦੌਰਾਨ ਸੈਟੀ ਪਾਸੋਂ ਪੁੱਛਗਿੱਛ ਕੀਤੀ ਗਈ ਅਤੇ ਪਲਵਿੰਦਰ ਸਿੰਘ ਉਰਫ ਪਾਲਾ ਪੁੱਤਰ ਨਰਿੰਦਰ ਸਿੰਘ ਉਰਫ ਬੰਗਾ ਵਾਸੀ ਸਾਦੀਪੁਰ ਥਾਣਾ ਸਦਰ ਪਟਿਆਲਾ ਨੂੰ ਮੁਕੱਦਮੇ ਵਿੱਚ ਨਾਮਜਦ ਕਰਕੇ ਗ੍ਰਿਫ਼ਤਾਰ ਕੀਤਾ ਗਿਆ।

ਸਰਕਲ ਪੁਰਹੀਰਾਂ ਵੱਲੋਂ ਧਾਰਮਕ ਪ੍ਰੀਖਿਆ ਦੇ ਇਨਾਮ ਵੰਡੇ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਚੱਲ ਰਹੇ ਸਕੂਲ ਕਲਰ ਖਾਲਸਾ ਸੀਨੀ. ਸੈਕੰ. ਸਕੂਲ ਹਰਿਆਣਾ ਵਿਖੇ ਸਿੱਖ ਮਿਸ਼ਨਰੀ ਕਾਲਜ ਰਜਿ. ਲੁਧਿਆਣਾ ਦੇ ਸਰਕਲ ਪੁਰਹੀਰਾਂ ਵੱਲੋਂ ਧਾਰਮਕ ਪ੍ਰੀਖਿਆ ਦੇ ਇਨਾਮ ਵੰਡੇ ਗਏ। ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਬਹੁਤ ਵੱਡੇ ਪੱਧਰ 'ਤੇ ਪੰਜਾਬ ਅਤੇ ਪੰਜਾਬ ਤੋਂ ਬਾਹਰਲੇ ਸੂਬਿਆ 'ਚ ਹਰ ਸਾਲ ਨਵੰਬਰ ਮਹੀਨੇ 'ਚ ਧਾਰਮਕ ਪ੍ਰੀਖਿਆ ਕਰਵਾਈ ਜਾਦੀ ਹੈ। ਕਲਰ ਖਾਲਸਾ ਸੀਨੀ. ਸੈਕੰ. ਸਕੂਲ ਹਰਿਆਣਾ 'ਚ ਕੁੱਲ 57 ਵਿਦਿਆਰਥੀਆਂ ਨੇ ਧਾਰਮਕ ਪ੍ਰੀਖਿਆ ਵਿੱਚ ਭਾਗ ਲਿਆ ਸੀ ਜਿਸ ਵਿੱਚ ਮਨਜੋਤ ਕੌਰ ਗਿਆਰ੍ਹਵੀਂ ਦੀ ਵਿਦਿਆਰਥਣ ਨੇ ਬੀ ਗਰੇਡ ਅਤੇ ਮਨਜੋਤ ਕੌਰ ਬਾਰ੍ਹਵੀਂ ਦੀ ਵਿਦਿਆਰਥਣ ਨੇ ਸੀ ਗਰੇਡ ਇਨਾਮ ਪ੍ਰਾਪਤ ਕੀਤਾ, ਬਾਕੀ ਪਾਸ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ। ਇਸ ਮੌਕੇ ਪ੍ਰਿੰਸੀਪਲ ਗੀਟਾ ਸੈਣੀ ਅਤੇ ਸਾਬਕਾ ਪ੍ਰਿੰਸੀਪਲ ਹਰਜਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਆਉਣ ਵਾਲੀ ਧਾਰਮਕ ਪ੍ਰੀਖਿ

26-April-PAGE- 9.qxd 4/25/2023 10:45 PM Page 1

ਲੋਕ ਸਭਾ ਜ਼ਿਮਨੀ ਚੋਣ : 19 ਉਮੀਦਵਾਰ ਮੈਦਾਨ 'ਚ, ਚੋਣ ਨਿਸ਼ਾਨ ਅਲਾਟ

ਜਲੰਧਰ: (ਸ਼ੈਲੀ ਐਲਬਰਟ)- : ਲੋਕ ਸਭਾ ਦੀ ਜ਼ਿਮਨੀ ਚੋਣ ਲਈ ਨਾਮਜ਼ਦਗੀਆਂ ਵਾਪਿਸ ਲਏ ਜਾਣ ਦਾ ਸਮਾਂ ਪੂਰਾ ਹੋਣ ਉਪਰੰਤ ਕੁੱਲ 19 ਉਮੀਦਵਾਰ ਚੋਣ ਮੈਦਾਨ ਵਿੱਚ ਹਨ ਜਿਨ੍ਹਾਂ ਨੂੰ ਚੋਣ ਨਿਸ਼ਾਨ ਵੀ ਅਲਾਟ ਕਰ ਦਿੱਤੇ ਗਏ ਹਨ । ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਭਾਜਪਾ ਦੇ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਦਾ ਚੋਣ ਨਿਸ਼ਾਨ 'ਕਮਲ', ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦਾ ਚੋਣ ਨਿਸ਼ਾਨ 'ਝਾੜੂ', ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ.ਸੁਖਵਿੰਦਰ ਸੁੱਖੀ ਦਾ ਚੋਣ ਨਿਸ਼ਾਨ 'ਤੱਕੜੀ' ਅਤੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਉਮੀਦਵਾਰ ਕਰਮਜੀਤ ਕੌਰ ਚੌਧਰੀ ਦਾ ਚੋਣ ਨਿਸ਼ਾਨ 'ਹੱਥ' ਹੈ । ਹੋਰਨਾਂ ਉਮੀਦਵਾਰਾਂ ਵਿੱਚ ਨੈਸ਼ਨਲਿਸਟ ਜਸਟਿਸ ਪਾਰਟੀ ਦੇ ਡਾ.ਸੁਰਗੀਵ ਸਿੰਘ ਨਾਂਗਲੂ ਦਾ ਚੋਣ ਨਿਸ਼ਾਨ 'ਟਰੱਕ', ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਗੁਰਮੰਟ ਸਿੰਘ ਕੱਟੂ ਨੂੰ 'ਬਾਲਟੀ', ਬਹੁਜਨ ਦ੍ਰਾਵਿੜਾ ਪਾਰਟੀ ਦੇ ਤੀਰਥ ਸਿੰਘ ਬੇਗਮਪੁਰਾ ਭਾਰਤ ਨੂੰ 'ਜੁੱਤਾ', ਪੰਜਾਬ ਕਿਸਾਨ ਦਲ ਦੇ ਪਰਮਜੀਤ ਕੌਰ ਤੇਜੀ ਨੂੰ 'ਹੱਥ ਵਾਲਾ ਗੱਡਾ', ਸਮਾਜਵਾਦੀ ਪਾਰਟੀ ਦੇ ਮਨਜੀਤ ਸਿੰਘ 'ਸਾਈਕਲ', ਪੀਪਲਜ਼ ਪਾਰਟੀ ਆਫ਼ ਇੰਡੀਆ (ਡੈਮੋਕ੍ਰੈਟਿਵ) ਦੇ ਮਨਿੰਦਰ ਸਿੰਘ ਭਾਟੀਆਂ ਨੂੰ 'ਫਲਾਂ ਨਾਲ ਭਰੀ ਟੋਕਰੀ', ਪੰਜਾਬ ਨੈਸ਼ਨਲ ਪਾਰਟੀ ਦੇ ਯੋਗਰਾਜ ਸਹੋਤਾ ਨੂੰ 'ਫੁੱਟਬਾਲ' ਚੋਣ ਨਿਸ਼ਾਨ ਮਿਲਿਆ ਹੈ।। ਇਸੇ ਤਰ੍ਹਾਂ ਅਜ਼ਾਦ ਉਮੀਦਵਾਰਾਂ ਵਿੱਚ ਅਸ਼ੋਕ ਕੁਮਾਰ ਨੂੰ 'ਕਰੇਨ', ਅਮਰੀਸ਼ ਭਗਤ ਨੂੰ 'ਪੈਨ ਡਰਾਇਵ', ਸੰਦੀਪ ਕੌਰ ਨੂੰ 'ਲੈਟਰ ਬਾਕਸ', ਗੁਲਸ਼ਨ ਆਜ਼ਾਦ ਨੂੰ 'ਬੱਲਾ', ਨੀਟੂ ਸ਼ਟਰਾਂ ਵਾਲੇ ਨੂੰ 'ਆਟੋ-ਰਿਕਸ਼ਾ', ਪਲਵਿੰਦਰ ਕੌਰ ਨੂੰ 'ਵਾਜਾ', ਰਾਜ ਕੁਮਾਰੀ ਸਾਕੀ ਨੂੰ 'ਬੱਲੇਬਾਜ਼' ਅਤੇ ਰੋਹਿਤ ਕੁਮਾਰ ਟਿੰਕੂ ਨੂੰ 'ਮੰਜੀ' ਚੋਣ ਨਿਸ਼ਾਨ ਅਲਾਟ ਕੀਤੇ ਗਏ ਹਨ ।

3.54 ਲੱਖ ਕਿਸਾਨਾਂ ਨੂੰ 11,394 ਕਰੋੜ ਰੁਪਏ ਦੀ ਕੀਤੀ ਅਦਾਇਗੀ : ਕਟਾਰੂ ਚੱਕ

ਚੰਡੀਗੜ੍ਹ, (ਗੁਰਜੀਤ ਬਿੱਲਾ)-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ 23 ਅਪ੍ਰੈਲ, 2023 ਤੱਕ ਕਿਸਾਨਾਂ ਨੂੰ 11,394 ਕਰੋੜ ਰੁਪਏ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਅਦਾਇਗੀ ਦਾ ਸਭ ਤੋਂ ਵੱਡਾ ਰਿਕਾਰਡ ਬਣਾਇਆ ਹੈ, ਜਿਸ ਨਾਲ ਸੱਤਾ 'ਚ ਆਉਣ ਉਪਰੰਤ ਆਪਣੀ ਹੀ ਸਰਕਾਰ ਵੱਲੋਂ ਬਣਾਏ ਰਿਕਾਰਡ ਨੂੰ ਮਾਤ ਦੇ ਕੇ ਨਵੀਂ ਮਿਸਾਲ ਕਾਇਮ ਕੀਤੀ ਹੈ। ਇਨ੍ਹਾਂ ਵੇਰਵਿਆਂ ਨੂੰ ਸਾਂਝਾ ਕਰਦਿਆਂ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਮੌਜੂਦਾ ਪੰਜਾਬ ਸਰਕਾਰ ਵੱਲੋਂ ਅਹੁਦਾ ਸੰਭਾਲਣ ਤੋਂ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨ ਪੱਖੀ ਰਵੱਈਆ ਅਖਤਿਆਰ ਕੀਤਾ ਹੈ, ਜਿਸ ਦੀ ਪੁਸ਼ਟੀ ਤੱਥਾਂ ਅਤੇ ਅੰਕੜਿਆਂ ਤੋਂ ਹੁੰਦੀ ਹੈ। ਮੰਤਰੀ ਨੇ ਪਿਛਲੇ ਸਾਲਾਂ ਵਿੱਚ 23 ਅਪ੍ਰੈਲ ਤੱਕ ਕਿਸਾਨਾਂ ਦੀਆਂ ਅਦਾਇਗੀਆਂ ਦੇ ਅੰਕੜਿਆਂ ਨਾਲ ਤੁਲਨਾ ਕਰਦਿਆਂ ਦੱਸਿਆ ਕਿ ਇਸ ਸਾਲ ਇਸ ਮਿਤੀ ਤੱਕ 11,394 ਕਰੋੜ ਰੁਪਏ ਸਿੱਧੇ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਜਾਰੀ ਕੀਤੇ ਜਾ ਚੁੱਕੇ ਹਨ ਜੋ ਕਿ ਪਿਛਲੇ ਸਾਲਾਂ ਦੇ ਰਿਕਾਰਡ ਨਾਲੋਂ ਵੱਧ ਹਨ। ਪਿਛਲੇ ਸਾਲ ਇਸੇ ਮਿਤੀ ਤੱਕ 11,288 ਕਰੋੜ ਰੁਪਏ ਦਾ ਭੁਗਤਾਨ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਇਸ ਮਿਤੀ ਤੱਕ ਸਭ ਤੋਂ ਵੱਧ ਅਦਾਇਗੀਆਂ ਸਾਲ 2018-19, 2013-14 ਅਤੇ 2017-18 'ਚ ਕ੍ਰਮਵਾਰ 7568 ਕਰੋੜ, 6745 ਕਰੋੜ ਅਤੇ 6418 ਕਰੋੜ ਰੁਪਏ ਕੀਤੀਆਂ ਗਈਆਂ ਸਨ। ਮੰਤਰੀ ਨੇ ਕਿਹਾ ਕਿ 2020-21 ਅਤੇ 2019-20 ਦੌਰਾਨ ਕਿਸਾਨਾਂ ਨੂੰ ਇਸ ਮਿਤੀ ਤੱਕ 300 ਕਰੋੜ ਰੁਪਏ ਵੀ ਨਹੀਂ ਮਿਲੇ ਸਨ ਜਦਕਿ ਸਾਲ 2015-16 'ਚ ਅਦਾਇਗੀਆਂ ਸ਼ੁਰੂ ਵੀ ਨਹੀਂ ਹੋਈਆਂ ਸਨ। ਉਨ੍ਹਾਂ ਕਿਹਾ ਕਿ ਮੌਜੂਦਾ ਸੂਬਾ ਸਰਕਾਰ ਵੱਲੋਂ ਕਣਕ ਦੇ ਖਰੀਦ ਕਾਰਜਾਂ ਸੰਬੰਧੀ ਪ੍ਰਕਿਰਿਆ ਨੂੰ ਹੋਰ ਬਿਹਤਰ ਬਣਾਉਣ ਅਤੇ ਭ੍ਰਿਸ਼ਟ ਰਵਾਇਤਾਂ ਨੂੰ ਖਤਮ ਕਰਨ ਲਈ ਕੀਤੇ ਗਏ ਇਮਾਨਦਾਰ ਯਤਨਾਂ ਦਾ ਇਹ ਨਤੀਜਾ ਹੈ। ਮੰਤਰੀ ਨੇ ਅੱਗੇ ਕਿਹਾ ਕਿ ਮੌਜੂਦਾ ਸਰਕਾਰ ਖਰਾਬੇ ਦਾ ਮੁਆਵਜ਼ਾ ਦੇਣ ਜਾਂ ਘੱਟੋ-ਘੱਟ ਸਮਰਥਨ ਮੁੱਲ 'ਤੇ ਕੇਂਦਰ ਵੱਲੋਂ ਲਗਾਈ ਗਈ ਕਟੌਤੀ ਦੇ ਬਾਵਜੂਦ ਪੂਰਾ ਮੁੱਲ ਦੇਣ ਲਈ ਸਰਗਰਮ ਪਹੁੰਚ ਅਪਣਾ ਰਹੀ ਹੈ।

ਪਹਿਲੀ ਮਈ ਨੂੰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਸਰਕਾਰ ਤੋਂ ਮੰਗਣਗੀਆਂ ਜਵਾਬ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ) ਆਂਗਨਵਾੜੀ ਮੁਲਾਜਮ ਯੂਨੀਅਨ ਪੰਜਾਬ ਸੀਟੂ ਵੱਲੋਂ ਜ਼ਿਲ੍ਹਾ ਜਲੰਧਰ ਦੇ ਬਲਾਕ ਜਲੰਧਰ ਈਸਟ ਦੀ ਮੀਟਿੰਗ ਬਲਾਕ ਪ੍ਰਧਾਨ ਬਲਵਿੰਦਰ ਕੌਰ ਦੀ ਅਗਵਾਈ ਵਿਚ ਆਂਗਣਵਾੜੀ ਵਰਕਰ ਹੈਲਪਰ ਦੇ ਭੱਖਦੇ ਮੁੱਦਿਆਂ ਨੂੰ ਲੈ ਕੇ ਇੱਕ ਹੰਗਾਮੀ ਮੀਟਿੰਗ ਕੀਤੀ ਗਈ, ਜਿਸ ਵਿੱਚ ਜ਼ਿਲ੍ਹਾ ਜਲੰਧਰ ਦੇ ਜਨਰਲ ਸਕੱਤਰ ਭੈਣ ਕ੍ਰਿਸ਼ਨਾ ਕੁਮਾਰੀ ਉਚੇਚੇ ਤੌਰ 'ਤੇ ਸ਼ਾਮਲ ਹੋਏ। ਫੈਸਲਾ ਲਿਆ ਗਿਆ ਪੰਜਾਬ ਸਰਕਾਰ ਵੱਲੋਂ ਆਂਗਣਵਾੜੀ ਵਰਕਰਾਂ ਹੈਲਪਰਾਂ ਦੀਆਂ ਮੰਗਾਂ ਨੂੰ ਅਣਦੇਖਿਆ ਕੀਤਾ ਜਾ ਰਿਹਾ ਹੈ । ਇੱਕ ਸਾਲ ਬੀਤ ਜਾਣ ਦੇ ਬਾਅਦ ਵੀ ਲਾਰੇ ਲਾਊ ਨੀਤੀਆਂ ਅਪਣਾਈਆਂ ਹੋਈਆਂ ਹਨ । ਬਲਾਕ ਸਕੱਤਰ ਨਰੇਸ਼ ਕੁਮਾਰੀ ਨੇ ਪ੍ਰੈਸ ਨੂੰ ਬਿਆਨ ਦਿੰਦਿਆਂ ਦਸਿਆ ਕਿ ਮੀਟਿੰਗ ਦਾ ਸਮਾਂ ਦੇ ਕੇ ਮੀਟਿੰਗ ਨਾ ਕਰਨਾ ਸਰਕਾਰ ਦੀ ਆਮ ਲੋਕਾਂ ਪ੍ਰਤੀ ਨੀਤੀ ਨੂੰ ਜਾਹਰ ਕਰਦਾ ਹੈ। ਪਿਛਲੇ ਲੰਬੇ ਸਮੇਂ ਤੋਂ ਆਂਗਨਵਾੜੀ ਕੇਂਦਰਾਂ ਵਿੱਚ ਭਰਤੀ ਨਾ ਕਰਨਾ,ਆਈ.ਸੀ.ਡੀ.ਐੱਸ ਸਕੀਮ ਦੀਆ ਸੇਵਾਵਾਂ ਅਨੁਸਾਰ ਪ੍ਰੀ ਸਕੂਲ ਸਿੱਖਿਆ ਪੰਜਾਬ ਨੂੰ ਛੱਡ ਪੂਰੇ ਭਾਰਤ ਵਿਚ ਪ੍ਰੀ ਸਕੂਲ ਸਿੱਖਿਆ ਆਂਗਣਵਾੜੀ ਕੇਂਦਰਾਂ ਵਿੱਚ ਚੱਲ ਰਹੀ ਹੈ। 0 ਤੋਂ 6 ਸਾਲ ਦੇ ਬੱਚੇ ਆਂਗਨਵਾੜੀ ਕੇਂਦਰਾਂ ਵਿੱਚ ਹੀ ਖੇਡ ਵਿਧੀ ਦੁਆਰਾ ਸਿੱਖਿਆ ਹਾਸਲ ਕਰਦੇ ਹਨ । ਪਰ ਪਿਛਲੀ ਸਰਕਾਰ ਵੱਲੋਂ ਜੀਰੋ ਤੋਂ ਛੇ ਸਾਲ ਦੇ ਬੱਚੇ ਸਿਰਫ਼ ਆਪਣੀ ਝੂਠੀ ਵਾਹ ਵਾਹ ਲਈ ਆਂਗਨਵਾੜੀ ਕੇਂਦਰਾਂ ਨੂੰ ਉਜਾੜ ਦਿੱਤਾ ਗਿਆ ਹੈ । 1 ਜਨਵਰੀ 2022 ਤੋਂ ਕੇਂਦਰ ਸਰਕਾਰ ਵੱਲੋਂ ਅਡਵਾਈਜਰੀ ਬੋਰਡ ਖਤਮ ਕਰਨ ਦੇ ਹੁਕਮ ਜਾਰੀ ਕੀਤੇ ਹੋਏ ਹਨ ਪੰਜਾਬ ਸਰਕਾਰ ਵੱਲੋਂ ਇਕ ਸਾਲ ਦਾ ਸਮਾਂ ਬੀਤਣ 'ਤੇ ਵੀ ਇਸ ਉਤੇ ਕੋਈ ਕਾਰਵਾਈ ਨਹੀਂ ਕੀਤੀ ਗਈ। ਐਡਵਾਈਜਰੀ ਬੋਰਡ ਦੇ ਚੱਲਦੇ ਆਂਗਨਵਾੜੀ ਕੇਂਦਰਾਂ ਦੀਆਂ ਵਰਕਰਾਂ ਹੈਲਪਰਾਂ ਨੂੰ 6 -6 ਮਹੀਨੇ ਬਿਨਾਂ ਮਾਨਭੱਤਾ ਗੁਜ਼ਾਰਾ ਕਰਨਾ ਪੈਂਦਾ ਹੈ । ਪੰਜਾਬ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਆਂਗਣਵਾੜੀ ਵਰਕਰਾਂ ਹੈਲਪਰਾਂ ਦੇ ਮਾਣ ਭੱਤੇ ਨੂੰ ਦੁੱਗਣਾ ਕਰਨ ਦਾ ਐਲਾਨ ਕੀਤਾ ਸੀ ਪਰ ਮਾਨਭੱਤਾ ਦੁਗਣਾ ਤਾਂ ਕੀ ਕਰਨਾ ਸੀ ਸਾਲ 2022 ਵਿਚ ਸਾਰਾ ਸਮਾਂ ਮਾਣ ਭੱਤਾ ਇੱਕ ਸਾਰ ਪ੍ਰਾਪਤ ਨਹੀਂ ਹੋਇਆ । ਆਂਗਨਵਾੜੀ ਵਰਕਰਾਂ ਹੈਲਪਰਾਂ ਲੰਬੇ ਸਮੇਂ ਤੋਂ ਆਪਣੇ ਇਨ੍ਹਾਂ ਹੱਕਾਂ ਲਈ ਸੰਘਰਸ਼ ਕਰ ਰਹੀਆਂ ਹਨ ਪਰ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਆਂਗਣਵਾੜੀ ਵਰਕਰਾਂ ਹੈਲਪਰਾਂ ਦੀਆਂ ਮੰਗਾਂ ਪ੍ਰਤੀ ਚੁੱਪ ਵੱਟੀ ਹੋਈ ਹੈ ਇਸ ਚੁੱਪੀ ਨੂੰ ਤੋੜਾਉਣ ਵਾਸਤੇ ਜ਼ਿਮਨੀ ਚੋਣਾਂ ਦੌਰਾਨ ਜਲੰਧਰ ਵਿਖੇ ਆਪਣੇ ਹੱਕਾਂ ਦੀ ਆਵਾਜ਼ ਬੁਲੰਦ ਕੀਤੀ ਜਾਵੇਗੀ ।ਮੀਟਿੰਗ ਵਿੱਚ ਗੀਤਾ,ਗੁਰਮਿੰਦਰ ਕੌਰ,ਸੁਨੀਤਾ , ਸ਼ੀਲਾ ਰਾਣੀ,ਪਰਵਿੰਦਰ ਕੌਰ,ਸੀਮਾ ਰਾਣੀ , ਨਰੰਜਨ ਫਿਲੌਰ ਸ਼ਾਮਲ ਹੋਏ।

2024 ਦੀਆਂ ਚੋਣਾਂ 'ਚ ਫਿਰਕੂ, ਫਾਸ਼ੀਵਾਦੀ, ਕਾਰਪੋਰੇਟ ਪੱਖੀ ਭਾਜਪਾ ਨੂੰ ਹਰਾਉਣਾ ਅਤਿ ਜ਼ਰੂਰੀ : ਸੇਖੋਂ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਅੱਜ ਇੱਥੇ ਸ਼ਹੀਦ ਸਾਥੀ ਚੰਨਣ ਸਿੰਘ ਧੂਤ ਭਵਨ ਵਿਖੇ ਸੀ.ਪੀ.ਆਈ.(ਐਮ) ਜ਼ਿਲ੍ਹਾ ਹੁਸ਼ਿਆਰਪੁਰ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਸਾਥੀ ਕਮਲਜੀਤ ਸਿੰਘ ਰਾਜਪੁਰ ਭਾਈਆਂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਸ਼ੁਰੂ 'ਚ ਵਿਛੋੜਾ ਦੇ ਗਏ ਸਾਥੀ ਸੁਨੀਤ ਚੋਪੜਾ, ਮਦਨ ਘੋਸ਼, ਚਰਨਜੀਤ ਸਿੰਘ ਚਠਿਆਲ ਤੇ ਰਵੀ ਸਿੰਘ ਨੂੰ ਦੋ ਮਿੰਟ ਖੜ੍ਹੇ ਹੋ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ 'ਚ ਉਚੇਚੇ ਤੌਰ 'ਤੇ ਪਹੁੰਚੇ ਸੀ.ਪੀ.ਆਈ.(ਐਮ) ਪੰਜਾਬ ਦੇ ਸਕੱਤਰ ਸਾਥੀ ਸੁਖਵਿੰਦਰ ਸਿੰਘ ਸੇਖੋਂ ਨੇ ਸੰਬੋਧਨ 'ਚ ਕਿਹਾ ਕਿ ਦੇਸ਼ ਅੰਦਰ ਇੱਕ ਐਸੀ ਅਲੋਕਾਰੀ ਘਟਨਾ ਹੋਈ ਹੈ ਕਿ ਸਰਕਾਰੀ ਧਿਰ ਨੇ ਪਾਰਲੀਮੈਂਟ ਨੂੰ ਚੱਲਣ ਨਹੀਂ ਦਿੱਤਾ। ਵਿਰੋਧੀ ਧਿਰ ਹਿਡਨਵਰਗ ਦੀ ਰਿਪੋਰਟ ਦੇ ਆਧਾਰ 'ਤੇ ਅਡਾਨੀ ਵੱਲੋਂ ਨਕਲੀ ਕੰਪਨੀਆਂ ਬਣਾ ਕੇ ਇਕੱਠੇ ਕੀਤੇ ਗਏ ਅਰਬਾਂ ਰੁਪਏ ਦੇ ਆਧਾਰ 'ਤੇ ਪੂਰੀ ਜਾਂਚ ਲਈ ਪਾਰਲੀਮੈਂਟ ਦੀ ਸਾਂਝੀ ਕਮੇਟੀ (ਜੇ.ਸੀ.ਪੀ) ਬਣਾਈ ਜਾਵੇ ਦੀ ਮੰਗ ਕਰਨੀ ਸੀ। ਸਰਕਾਰੀ ਧਿਰ ਨੇ ਪਾਰਲੀਮੈਂਟ ਅੰਦਰ ਰਾਹੁਲ ਗਾਂਧੀ ਦਾ ਵਿਦੇਸ਼ਾਂ 'ਚ ਦਿੱਤੇ ਗਏ ਬਿਆਨ ਨੂੰ ਆਧਾਰ ਬਣਾ ਕੇ ਪਾਰਲੀਮੈਂਟ ਦੇ ਸਾਰੇ ਏਜੰਡੇ ਨੂੰ ਸਾਬੋਤਾਜ ਕਰ ਦਿੱਤਾ। ਉਨ੍ਹਾ ਕਿਹਾ ਕਿ ਸੁਪਰੀਮ ਕੋਰਟ ਨੇ ਸਰਕਾਰ ਦੇ ਉਸ ਫੈਸਲੇ ਨੂੰ ਜਿਸ ਨਾਲ ਉਨਾਂ ਨੇ ਅਰੁਣ ਗੋਇਲ ਦਾ ਇੱਕ ਦਿਨ ਵਿੱਚ ਅਸਤੀਫਾ ਲੈ ਕੇ ਤੇ ਮਨਜ਼ੂਰੀ ਦੇ ਕੇ ਉਸ ਨੂੰ ਚੋਣ ਕਮਿਸ਼ਨਰ ਨਿਯੁਕਤ ਕਰ ਦਿੱਤਾ, ਨੂੰ ਬਦਲਦਿਆਂ ਇਹ ਸਪੱਸ਼ਟ ਕੀਤਾ ਕਿ ਸੁਪਰੀਮ ਕੋਰਟ ਦਾ ਚੀਫ ਜਸਟਿਸ, ਦੇਸ਼ ਦਾ ਪ੍ਰਧਾਨ ਮੰਤਰੀ ਅਤੇ ਵਿਰੋਧੀ ਧਿਰ ਦੇ ਆਗੂ ਦੇ ਆਧਾਰ 'ਤੇ ਕਮੇਟੀ ਰਾਹੀਂ ਚੋਣ ਕਮਿਸ਼ਨਰ ਦੀ ਚੋਣ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾ ਦੁੱਖ ਪ੍ਰਗਟ ਕੀਤਾ ਕਿ ਗੁਜਰਾਤ ਹਾਈਕੋਰਟ ਵੱਲੋਂ ਗੌਦਰਾ ਕਾਂਡ ਦੇ ਦੋਸ਼ੀਆਂ ਨੂੰ ਬਰੀ ਕਰਨਾ ਮੰਦਭਾਗਾ ਹੈ। ਅੱਜ ਦੇਸ਼ ਅੰਦਰ ਖੱਬੇ ਪੱਖੀ, ਧਰਮ ਨਿਰਪੱਖ ਅਤੇ ਜਮਹੂਰੀ ਸ਼ਕਤੀਆਂ ਨੂੰ ਇਕਜੁੱਟ ਹੋ ਕੇ 2024 ਦੀਆਂ ਪਾਰਲੀਮੈਂਟ ਚੋਣਾਂ 'ਚ ਫਿਰਕੂ, ਫਾਸ਼ੀਵਾਦੀ, ਕਾਰਪੋਰੇਟ ਗੱਠਜੋੜ ਦੀ ਪਾਰਟੀ ਬੀ.ਜੇ.ਪੀ. ਨੂੰ ਹਰਾਉਣਾ ਅਤਿ ਜ਼ਰੂਰੀ ਹੈ। ਉਨਾਂ ਨੇ ਕਿਹਾ ਕਿ ਕੇਂਦਰ ਸਰਕਾਰ ਵਲੋਂ ਐਨ.ਆਈ.ਏ., ਸੀ.ਬੀ.ਆਈ. ਅਤੇ ਈ.ਡੀ.ਆਦਿ ਏਜੰਸੀਆਂ ਦੀ ਦੁਰਵਰਤੋਂ ਰਾਹੀਂ ਵਿਰੋਧੀ ਧਿਰ ਦੇ ਆਗੂਆਂ ਨੂੰ ਡਰਾਉਣ ਧਮਕਾਉਣ ਦਾ ਕੰਮ ਕੀਤਾ ਜਾ ਰਿਹਾ ਹੈ ਅਤੇ ਭ੍ਰਿਸ਼ਟ ਲੋਕਾਂ ਨੂੰ ਡਰਾ ਕੇ ਆਪਣੀ ਪਾਰਟੀ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਕਮੇਟੀ ਦੇ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਕੱਤਰ ਕਾਮ: ਗੁਰਨੇਕ ਸਿੰਘ ਭੱਜਲ ਨੇ ਦੱਸਿਆ ਕਿ 23 ਮਾਰਚ ਦੀ ਰੈਲੀ ਲਈ ਸਾਰੇ ਜ਼ਿਲ੍ਹੇ ਦੇ ਸਾਥੀਆਂ ਨੇ ਦਿਨ ਰਾਤ ਇੱਕ ਕਰਕੇ ਇਸ ਨੂੰ ਸਫਲ ਬਣਾਇਆ ਹੈ। ਮੈਂਬਰਸ਼ਿਪ ਦੇ ਨਵੀਨੀਕਰਨ ਦਾ ਕੰਮ ਮੁਕੰਮਲ ਹੋ ਗਿਆ ਹੈ। ਪਾਰਟੀ ਫੰਡ ਇਕੱਠਾ ਕਰਨ ਲਈ ਯੋਜਨਾਬੰਦੀ ਬਣਾਈ ਗਈ ਅਤੇ ਇਸ ਨੂੰ ਸਿਰੇ ਚਾੜ੍ਹਨ ਲਈ 3 ਮਈ ਹੁਸ਼ਿਆਰਪੁਰ, 7 ਮਈ ਨੂੰ ਗੜ੍ਹਸ਼ੰਕਰ ਤਹਿਸੀਲ, 8 ਮਈ ਦਸੂਹਾ ਅਤੇ 10 ਮਈ ਨੂੰ ਮੁਕੇਰੀਆਂ ਤਹਿਸੀਲ ਦੀਆਂ ਮੀਟਿੰਗਾਂ ਰੱਖੀਆਂ ਗਈਆਂ ਹਨ। ਇਸ ਮੀਟਿੰਗ 'ਚ ਸਰਵ ਸਾਥੀ ਦਰਸ਼ਨ ਸਿੰਘ ਮੱਟੂ, ਗੁਰਮੇਸ਼ ਸਿੰਘ, ਸੁਭਾਸ਼ ਮੱਟੂ, ਆਸ਼ਾ ਰਾਣੀ, ਹਰਭਜਨ ਸਿੰਘ ਅਟਵਾਲ, ਪ੍ਰੇਮ ਲਤਾ, ਸੁਰਿੰਦਰ ਚੁੰਬਰ ਤੇ ਗੁਰਬਖਸ਼ ਸਿੰਘ ਸੂਸ ਆਦਿ ਸਾਥੀ ਹਾਜ਼ਰ ਸਨ।

ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ 'ਚ 50 ਵਿਦਿਆਰਥੀ ਦਾਖਲ

ਐੱਸ ਏ ਐੱਸ ਨਗਰ, (ਗੁਰਜੀਤ ਬਿੱਲਾ)- 13ਵੇਂ ਏ.ਐੱਫ.ਪੀ.ਆਈ. ਕੋਰਸ ਦੇ 50 ਵਿਦਿਆਰਥੀ ਪੰਜਾਬ ਸਰਕਾਰ ਵੱਲੋਂ ਸੰਚਾਲਿਤ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ ਪ੍ਰੈਪਰੇਟਰੀ ਇੰਸਟੀਚਿਊਟ 'ਚ ਦਾਖਲ ਹੋਏ। ਇਸ ਇੰਸਟੀਚਿਊਟ ਦੀ ਸਥਾਪਨਾ ਪੰਜਾਬ ਸਰਕਾਰ ਦੁਆਰਾ ਰਾਜ ਦੇ ਨੌਜਵਾਨਾਂ ਨੂੰ ਨੈਸ਼ਨਲ ਡਿਫੈਂਸ ਅਕੈਡਮੀ (ਐਨ.ਡੀ.ਏ.)/ਰੱਖਿਆ ਅਕੈਡਮੀਆਂ 'ਚ ਸ਼ਾਮਲ ਹੋਣ ਲਈ ਸਿਖਲਾਈ ਦੇਣ ਦੇ ਉਦੇਸ਼ ਨਾਲ ਕੀਤੀ ਗਈ ਹੈ। ਸੀ-ਡੈਕ ਦੁਆਰਾ 22 ਜਨਵਰੀ 2023 ਨੂੰ ਕਰਵਾਏ ਗਏ ਕੋਰਸ ਲਈ ਪੂਰੇ ਪੰਜਾਬ ਵਿੱਚੋਂ ਕੁੱਲ 3933 ਲੜਕਿਆਂ ਨੇ ਦਾਖਲਾ ਪ੍ਰੀਖਿਆ ਲਈ ਰਜਿਸਟਰ ਕੀਤਾ ਸੀ। ਦਾਖਲਾ ਪ੍ਰਕਿਰਿਆ 'ਚ ਦਾਖਲਾ ਪ੍ਰੀਖਿਆ, ਦੋ ਪੜਾਅ ਦੀ ਇੰਟਰਵਿਊ ਅਤੇ ਇੱਕ ਵਿਸਤ੍ਰਿਤ ਮੈਡੀਕਲ ਜਾਂਚ ਸ਼ਾਮਲ ਸੀ। ਮੈਰਿਟ ਦੇ ਆਧਾਰ 'ਤੇ ਸਿਖਰਲੇ 50 ਲੜਕਿਆਂ ਨੂੰ ਕੋਰਸ ਲਈ ਚੁਣਿਆ ਗਿਆ ਹੈ। ਇਹ ਲੜਕੇ ਦੋ ਸਾਲਾਂ ਲਈ ਐਨ ਡੀ ਏ ਦੇ ਨਾਲ-ਨਾਲ ਸੀ ਬੀ ਐੱਸ ਈ ਜਮਾਤ 11ਵੀਂ ਅਤੇ 12ਵੀਂ ਲਈ ਸਿਖਲਾਈ ਲੈਣਗੇ। ਉਨ੍ਹਾਂ ਨੂੰ ਹਥਿਆਰਬੰਦ ਸੈਨਾਵਾਂ ਦੇ ਅਧਿਕਾਰੀ ਅਤੇ ਹਥਿਆਰਬੰਦ ਸੈਨਾਵਾਂ ਵਿੱਚ ਪੰਜਾਬ ਦੇ ਯੋਗ ਨੁਮਾਇੰਦੇ ਬਣਨ ਲਈ ਤਿਆਰ ਕੀਤ

26-APRIL-PAGE-10.qxd 4/25/2023 10:37 PM Page 1

ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਗ੍ਰੈਚੁਟੀ ਦੇਣ ਦੇ ਸੁਪਰੀਮ ਕੋਰਟ ਦੇ ਫੈਸਲੇ 'ਤੇ ਕੇਂਦਰ ਤੇ ਸੂਬਾ ਸਰਕਾਰ ਖਾਮੋਸ਼

- ਪਹਿਲੀ ਨੂੰ ਜਲੰਧਰ 'ਚ ਪੰਜਾਬ ਸਰਕਾਰ ਤੋਂ ਮੰਗਿਆ ਜਾਵੇਗਾ ਜਵਾਬ
- ਕਸਬੇ 'ਚ ਮਾਰਚ ਕਰਕੇ ਸੀ ਡੀ ਪੀ ਓ ਦਫਤਰ ਅੱਗੇ ਕੀਤਾ ਪ੍ਰਦਰਸ਼ਨ

ਕਸਬਾ ਮਮਦੋਟ ਵਿਖੇ ਰੋਸ ਮਾਰਚ ਕਰ ਰਹੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ।

ਮਮਦੋਟ (ਜਸਬੀਰ ਸਿੰਘ ਕੰਬੋਜ)

ਆਲ ਇੰਡੀਆ ਫੈਡਰੇਸ਼ਨ ਦੇ ਸੱਦੇ 'ਤੇ ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ (ਸੀਟੂ) ਵੱਲੋਂ ਜ਼ਿਲ੍ਹਾ ਫਿਰੋਜ਼ਪੁਰ ਦੇ ਮਮਦੋਟ ਬਲਾਕ ਵਿਖੇ ਬਲਾਕ ਪ੍ਰਧਾਨ ਤੇ ਜ਼ਿਲ੍ਹਾ ਜਨਰਲ ਸਕੱਤਰ ਕਾਂਤਾ ਰਾਣੀ ਦੀ ਅਗਵਾਈ ਅਧੀਨ ਆਂਗਨਵਾੜੀ ਵਰਕਰਾਂ/ਹੈਲਪਰਾਂ ਨੇ ਵੱਡੀ ਗਿਣਤੀ 'ਚ ਇਕੱਠੇ ਹੋ ਹੱਥਾਂ ਵਿੱਚ ਮਾਟੋਆਂ ਨੂੰ ਫੜ ਕੇ ਕਸਬੇ 'ਚ ਮਾਰਚ ਕਰਦੇ, ਨਾਅਰੇ ਮਾਰਦੇ ਹੋਏ ਸੀ ਡੀ ਪੀ ਓ ਦਫਤਰ ਅੱਗੇ ਪ੍ਰਦਰਸ਼ਨ ਕਰਕੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜਦੇ ਹੋਏ ਮੰਗ ਕੀਤੀ ਕਿ ਪਿਛਲੇ 47 ਸਾਲਾਂ ਤੋਂ ਕੰਮ ਕਰਦੀਆਂ ਆ ਰਹੀਆਂ ਆਂਗਨਵਾੜੀ ਵਰਕਰਾਂ/ਹੈਲਪਰਾਂ ਨੂੰ ਮਾਣਯੋਗ ਸੁਪਰੀਮ ਕੋਰਟ ਦੇ ਇਤਿਹਾਸਕ ਫੈਸਲੇ ਅਨੁਸਾਰ ਮਜ਼ਦੂਰ ਦਾ ਦਰਜਾ ਦਿੰਦੇ ਹੋਏ ਘੱਟੋ ਘੱਟ ਉਜ਼ਰਤ ਦੇ ਘੇਰੇ ਵਿੱਚ ਸ਼ਾਮਲ ਕੀਤਾ ਜਾਵੇ।

ਇਸ ਮੌਕੇ ਬੋਲਦਿਆਂ ਬਲਾਕ ਮਮਦੋਟ ਦੀ ਪ੍ਰਧਾਨ ਤੇ ਜ਼ਿਲ੍ਹਾ ਜਨਰਲ ਸਕੱਤਰ ਕਾਂਤਾ ਰਾਣੀ ਤੇ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਕੌਰ ਨੇ ਦੱਸਿਆ ਕਿ 25 ਅਪ੍ਰੈਲ 2022 ਨੂੰ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਇਤਿਹਾਸਕ ਫੈਸਲੇ ਵਿੱਚ ਕਿਹਾ ਗਿਆ ਹੈ ਕਿ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਵਰਕਰ ਮੰਨਿਆ ਜਾਣਾ ਚਾਹੀਦਾ ਹੈ ਤੇ ਉਹ ਪੇਮੈਂਟ ਆਫ ਗ੍ਰੈਚੁਟੀ ਐਕਟ 1972 ਦੇ ਤਹਿਤ ਗ੍ਰੈਚੁਟੀ ਦੇ ਹੱਕਦਾਰ ਹਨ। ਸੁਪਰੀਮ ਕੋਰਟ ਵੱਲੋਂ ਰਾਜ ਤੇ ਕੇਂਦਰ ਵੱਲੋਂ ਦਿੱਤੇ ਜਾ ਰਹੇ ਮਿਹਨਤਾਨੇ ਨੂੰ ਮਾਣ ਭੱਤਾ ਨਹੀਂ ਮਜ਼ਦੂਰੀ ਦਾ ਰੂਪ ਦੇਣਾ ਚਾਹੀਦਾ ਹੈ ਅਤੇ ਵਰਕਰਾਂ ਤੇ ਹੈਲਪਰਾਂ ਨੂੰ ਬਿਹਤਰ ਸੇਵਾਵਾਂ, ਸ਼ਰਤਾਂ ਨੂੰ ਮਜ਼ਦੂਰੀ ਦੇ ਤੌਰ 'ਤੇ ਮੰਨਿਆ ਜਾਣਾ ਚਾਹੀਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਨੇ ਪਿਛਲੇ ਇੱਕ ਸਾਲ ਤੋਂ ਇਸ ਹੁਕਮ ਨੂੰ ਪੂਰੀ ਤਰ੍ਹਾਂ ਅਣਗੌਲਿਆ ਕਰ ਦਿੱਤਾ ਹੈ, ਜਿਸ ਦਾ ਸਿੱਧਾ ਅਸਰ ਸਾਡੇ ਦੇਸ਼ ਦੀਆਂ 26 ਲੱਖ ਮਹਿਲਾ ਕਾਮਿਆਂ ਦੀ ਜ਼ਿੰਦਗੀ 'ਤੇ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਅਸੀਂ ਆਪਣੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਨੂੰ ਅੰਮ੍ਰਿਤ ਕਾਲ ਵਜੋਂ ਮਨਾ ਰਹੇ ਹਾਂ ਤਾਂ ਸਾਡੇ ਅੱਧੇ ਬੱਚੇ ਕੁਪੋਸ਼ਿਤ ਹਨ ਤੇ ਦੇਸ਼ ਨੂੰ ਕੁਪੋਸ਼ਣ ਮੁਕਤ ਬਣਾਉਣ ਲਈ ਨਿਰਸਵਾਰਥ ਹੋ ਕੇ ਕੰਮ ਕਰ ਰਹੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਘਰ-ਘਰ ਜਾ ਕੇ ਸੇਵਾਵਾਂ ਪਹੁੰਚਾ ਰਹੀਆਂ ਹਨ, ਪਰ 1975 ਤੋਂ ਲੈ ਕੇ ਅੱਜ ਤੱਕ ਸਾਨੂੰ ਮਜ਼ਦੂਰਾਂ ਵਜੋਂ ਮਾਨਤਾ ਨਹੀਂ ਦਿੱਤੀ ਗਈ। ਉਨ੍ਹਾਂ ਕਿਹਾ ਕਿ ਸਾਨੂੰ ਵਰਕਰਾਂ/ਕਰਮਚਾਰੀਆਂ ਵਜੋਂ ਘੱਟੋ ਘੱਟ ਉਜ਼ਰਤ ਜਾਂ ਕੋਈ ਹੋਰ ਕਾਨੂੰਨੀ ਹੱਕ ਨਹੀਂ ਦਿੱਤੇ ਜਾਂਦੇ ਹਨ। ਦਹਾਕਿਆਂ ਦੀ ਸਮਰਪਤ ਸੇਵਾ ਤੋਂ ਬਾਅਦ, ਸਾਨੂੰ 'ਰਿਟਾਇਰਮੈਂਟ' ਦੇ ਨਾਂਅ 'ਤੇ ਸੇਵਾਮੁਕਤੀ ਦੇ ਲਾਭਾਂ ਜਾਂ ਪੈਨਸ਼ਨਾਂ ਤੋਂ ਬਿਨਾਂ ਨੌਕਰੀ ਤੋਂ ਬਾਹਰ ਹੋਣ ਲਈ ਮਜਬੂਰ ਕੀਤਾ ਜਾਂਦਾ ਹੈ।

ਉਨ੍ਹਾਂ ਦੱਸਿਆ ਕਿ 1 ਮਈ ਨੂੰ ਸੂਬੇ ਭਰ ਵਿੱਚੋਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਪੰਜਾਬ ਸਰਕਾਰ ਤੋਂ ਜਵਾਬ ਮੰਗਣ ਲਈ ਤੇ ਆਪਣੇ ਅਧਿਕਾਰਾਂ ਦੀ ਰਾਖੀ ਲਈ ਜਲੰਧਰ ਵਿਖੇ ਪਹੁੰਚਣਗੀਆਂ, ਕਿਉਂਕਿ ਪੰਜਾਬ ਸਰਕਾਰ ਦੇ ਇੱਕ ਸਾਲ ਬੀਤ ਜਾਣ ਦੇ ਬਾਅਦ ਵੀ ਲਾਰੇ ਲਾਊ ਨੀਤੀਆਂ ਅਪਣਾਈਆਂ ਹੋਈਆਂ ਹਨ। ਮੀਟਿੰਗ ਦਾ ਸਮਾਂ ਦੇ ਕੇ ਮੀਟਿੰਗ ਨਾ ਕਰਨਾ ਸਰਕਾਰ ਦੀ ਆਮ ਲੋਕਾਂ ਪ੍ਰਤੀ ਨੀਤੀ ਨੂੰ ਜ਼ਾਹਰ ਕਰਦਾ ਹੈ। ਉਨ੍ਹਾਂ ਕਿਹਾ ਕਿ ਆਂਗਨਵਾੜੀ ਵਰਕਰਾਂ/ਹੈਲਪਰਾਂ ਲੰਬੇ ਸਮੇਂ ਤੋਂ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੀਆਂ ਹਨ, ਪਰ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਆਂਗਣਵਾੜੀ ਵਰਕਰਾਂ/ਹੈਲਪਰਾਂ ਦੀਆਂ ਮੰਗਾਂ ਪ੍ਰਤੀ ਚੁੱਪ ਵੱਟੀ ਹੋਈ ਹੈ। ਇਸ ਚੁੱਪੀ ਨੂੰ ਤੋੜਾਉਣ ਵਾਸਤੇ ਜ਼ਿਮਨੀ ਚੋਣਾਂ ਦੌਰਾਨ ਜਲੰਧਰ ਵਿਖੇ ਆਪਣੇ ਹੱਕਾਂ ਦੀ ਆਵਾਜ਼ ਬੁਲੰਦ ਕੀਤੀ ਜਾਵੇਗੀ। ਇਸ ਮੌਕੇ ਜਸਵਿੰਦਰ ਕੌਰ ਜ਼ਿਲ੍ਹਾ ਪ੍ਰਧਾਨ, ਜਸਪਾਲ ਕੌਰ ਕੈਸ਼ੀਅਰ, ਰਜਵੰਤ ਕੌਰ ਜਤਾਲਾ ਕੈਸ਼ੀਅਰ ਬਲਾਕ ਮਮਦੋਟ, ਰਜਵੰਤ ਕੌਰ ਅਟਾਰੀ ਜ਼ਿਲ੍ਹਾ ਮੀਤ ਪ੍ਰਧਾਨ, ਗਰਮੀਤ ਕੌਰ ਕਾਕੜ ਸਰਕਲ ਪ੍ਰਧਾਨ, ਪਰਮਜੀਤ ਕੌਰ ਸਰਕਲ ਪ੍ਰਧਾਨ, ਦਰਸ਼ਨਾ ਮੀਤ ਪ੍ਰਧਾਨ, ਰਾਜਪਾਲ ਕੌਰ ਕੜਮਾ ਸਰਕਲ ਪ੍ਰਧਾਨ, ਕਿਰਨ ਬਾਲਾ, ਹਰਜੀਤ ਕੌਰ, ਕੁਲਵੰਤ ਕੌਰ, ਨਵਦੀਪ ਕੌਰ, ਅਰਵਿੰਦਰ ਕੌਰ, ਕੋਮਲ, ਕੁਲਦੀਪ ਕੌਰ, ਆਸ਼ਾ ਵਰਕਰਾਂ ਲੱਛਮੀ ਬਾਈ ਬਲਾਕ ਪ੍ਰਧਾਨ ਕੁਲਬੀਰ ਕੌਰ ਸਮੇਤ ਵੱਡੀ ਗਿਣਤੀ 'ਚ ਆਂਗਣਵਾੜੀ ਵਰਕਰਾਂ ਤੇ ਆਸ਼ਾ ਵਰਕਰ ਹਾਜ਼ਰ ਸਨ।

ਪਾਬੰਦੀਸ਼ੁਦਾ ਟੀਕਿਆਂ ਦੀ ਬਰਾਮਦਗੀ ਮਾਮਲੇ 'ਚ ਦਸ ਸਾਲ ਦੀ ਕੈਦ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਨਸ਼ੇ ਲਈ ਵਰਤੇ ਜਾਣ ਵਾਲੇ ਪਾਬੰਦੀਸ਼ੁਦਾ ਟੀਕਿਆਂ ਦੀ ਬਰਾਮਦਗੀ ਦੇ ਇੱਕ ਮਾਮਲੇ 'ਚ ਨਾਮਜ਼ਦ ਵਿਅਕਤੀ ਨੂੰ ਅਦਾਲਤ ਵੱਲੋਂ 10 ਸਾਲ ਕੈਦ ਤੇ ਇੱਕ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਏ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅ/ਧ 22/61/85 ਐੱਨ.ਡੀ.ਪੀ.ਐੱਸ. ਐਕਟ ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਪ੍ਰਿਤਪਾਲ ਸਿੰਘ ਵਿੱਕੀ ਵਾਸੀ ਮੰਡੀ ਗੋਬਿੰਦਗੜ੍ਹ ਨੂੰ ਗ੍ਰਿਫ਼ਤਾਰ ਕਰਦਿਆਂ ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਪਿੰਡ ਡਡਹੇੜੀ ਵੱਲੋਂ ਪੈਦਲ ਤੁਰੇ ਆ ਰਹੇ ਪ੍ਰਿਤਪਾਲ ਸਿੰਘ ਵਿੱਕੀ ਦੀ ਲਈ ਗਈ ਤਲਾਸ਼ੀ ਦੌਰਾਨ ਉਸ ਦੇ ਕਬਜ਼ੇ 'ਚੋਂ 25 ਟੀਕੇ ਬਿਊਪਰੋਨੋਰਫ਼ਿਨ ਤੇ 25 ਸ਼ੀਸ਼ੀਆਂ ਏਵਲ ਬਰਾਮਦ ਹੋਣ 'ਤੇ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਮੁਕੱਦਮੇ ਦੀ ਸੁਣਵਾਈ ਪੂਰੀ ਹੋਣ ਉਪਰੰਤ ਸਪੈਸ਼ਲ ਅਦਾਲਤ ਵੱਲੋਂ ਪ੍ਰਿਤਪਾਲ ਸਿੰਘ ਉਰਫ ਵਿੱਕੀ ਨੂੰ ਮਾਮਲੇ 'ਚ ਦੋਸ਼ੀ ਮੰਨਦੇ ਹੋਏ 10 ਸਾਲ ਕੈਦ ਬਾਮੁਸ਼ੱਕਤ ਤੇ ਇੱਕ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ।

ਨਿਰੰਕਾਰੀ ਮਿਸ਼ਨ ਵੱਲੋਂ ਵਿਸ਼ਾਲ ਖ਼ੂਨਦਾਨ ਕੈਂਪ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਪਾਤੜਾਂ ਵੱਲੋਂ ਨਿਰੰਕਾਰੀ ਬਾਬਾ ਗੁਰਬਚਨ ਸਿੰਘ ਦੇ ਮਾਨਵ ਏਕਤਾ ਦਿਵਸ ਮੌਕੇ ਸੰਯੋਜਕ ਵਿਜੈ ਵਰਮਾ ਦੀ ਅਗਵਾਈ ਹੇਠ ਸੰਤ ਨਿੰਰਕਾਰੀ ਭਵਨ ਪਾਤੜਾਂ ਵਿਖੇ ਵਿਸ਼ਾਲ ਖ਼ੂਨਦਾਨ ਕੈਂਪ ਲਾਇਆ ਗਿਆ, ਜਿਸ ਦਾ ਉਦਘਾਟਨ ਮੰਡਲ ਅਧਿਕਾਰੀ ਹਾਕਮ ਚੰਦ ਰਾਜਪੁਰੇ ਵਾਲਿਆਂ ਨੇ ਕੀਤਾ।

ਇਸ ਕੈਂਪ ਵਿੱਚ ਖ਼ੂਨ ਇਕੱਤਰ ਕਰਨ ਲਈ ਸਿਵਲ ਹਸਪਤਾਲ ਸੰਗਰੂਰ ਤੋਂ ਡਾਕਟਰ ਪਲਵੀ ਗਰਗ ਦੀ ਅਗਵਾਈ ਵਿੱਚ ਪਹੁੰਚੀ ਬਲੱਡ ਬੈਂਕ ਦੀ ਟੀਮ ਵੱਲੋਂ 200 ਦੇ ਕਰੀਬ ਯੂਨਿਟ ਇਕੱਤਰ ਕੀਤਾ ਗਿਆ। ਕੈਂਪ ਵਿੱਚ ਖ਼ੂਨ ਦਾਨ ਕਰਨ ਵਾਲਿਆਂ 'ਚ ਵੱਡੀ ਗਿਣਤੀ 'ਚ ਔਰਤਾਂ ਨੇ ਵੀ ਖ਼ੂਨ ਦਾਨ ਕਰਨ 'ਚ ਅਹਿਮ ਯੋਗਦਾਨ ਪਾਇਆ ਗਿਆ। ਨਿਰੰਕਾਰੀ ਮੰਡਲ ਦੇ ਖੇਤਰੀ ਸੰਚਾਲਕ ਮਨਮੋਹਨ ਸਿੰਘ ਖ਼ੂਨਦਾਨੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਨਿਰੰਕਾਰੀ ਮਿਸ਼ਨ ਮਾਨਵਤਾ ਦੀ ਸੇਵਾ ਦਾ ਨਾਂ ਹੈ ਤੇ ਖ਼ੂਨ ਦਾਨ ਤੋਂ ਵੱਡਾ ਸਮਾਜ ਵਿੱਚ ਕੋਈ ਦਾਨ ਨਹੀਂ ਹੈ। ਉਨ੍ਹਾ ਕਿਹਾ ਕਿ ਨਿਰੰਕਾਰੀ ਮਿਸ਼ਨ ਨਿਰੰਕਾਰ ਦੀ ਪੂਜਾ ਅਰਚਨਾ ਦੇ ਨਾਲ-ਨਾਲ ਮਾਨਵਤਾ ਦੀ ਸੇਵਾ ਦਾ ਸੰਦੇਸ਼ ਵੀ ਦਿੰਦਾ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਨਗਰ ਕੌਂਸਲ ਪ੍ਰਧਾਨ ਰਨਵੀਰ ਸਿੰਘ, ਡਾਕਟਰ ਕੇ ਸੀ ਗੋਇਲ ਤੋਂ ਇਲਾਵਾ ਗੁਲਾਹੜ, ਸ਼ੁਤਰਾਣਾ, ਘੱਗਾ, ਬਾਦਸ਼ਾਹਪੁਰ ਤੇ ਵੱਖ ਵੱਖ ਬ੍ਰਾਂਚਾਂ ਤੋਂ ਸੇਵਾਦਾਰ ਹਾਜ਼ਰ ਸਨ।

ਕਾਤਰਾਂ

ਈ ਪੀ ਐੱਫ ਓ ਵੱਲੋਂ ਜਾਗਰੂਕਤਾ ਕੈਂਪ ਭਲਕੇ

ਜ਼ੀਰਾ (ਪਰਮਜੀਤ ਸਿੰਘ ਧੰਜੂ)-ਕਰਮਚਾਰੀ ਭਵਿੱਖ ਨਿਧੀ ਸੰਗਠਨ (ਈ ਪੀ ਐੱਫ ਓ) ਖੇਤਰੀ ਦਫਤਰ ਬਠਿੰਡਾ ਵੱਲੋਂ 'ਨਿਧੀ ਆਪ ਕੇ ਨਿਕਟ' 2.0 ਜਾਗਰੂਕਤਾ ਕੈਂਪ 27 ਅਪ੍ਰੈਲ ਨੂੰ ਤਾਰਾ ਚੰਦ ਅਗਰਵਾਲ ਸੀਨੀਅਰ ਸੈਕੰਡਰੀ ਸਕੂਲ (ਬਜਰੰਗ ਭਵਨ) ਜ਼ੀਰਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹਰਦਿਆਲ ਸਿੰਘ ਇਨਫੋਰਸਮੈਂਟ ਅਫਸਰ ਤੇ ਰਾਜਾ ਰਾਮ ਇਨਫੋਰਸਮੈਂਟ ਅਫਸਰ ਨੇ ਦੱਸਿਆ ਕਿ ਖੇਤਰੀ ਪ੍ਰਾਵੀਡੈਂਟ ਫੰਡ ਕਮਿਸ਼ਨਰ-1 ਰੀਨਾ ਮੰਡਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਜਾਗਰੂਕਤਾ ਕੈਂਪ ਵਿੱਚ ਰੁਜ਼ਗਾਰਦਾਤਾਵਾਂ, ਮੈਂਬਰਾਂ ਨੂੰ ਈ ਪੀ ਐੱਫ ਓ ਵੱਲੋਂ ਕੀਤੇ ਜਾ ਰਹੇ ਕੰਮਾਂ ਸਬੰਧੀ ਜਾਣਕਾਰੀ ਦਿੱਤੀ ਜਾਵੇਗੀ ਤੇ ਈਪੀਐੱਫਓ ਨਾਲ ਸਬੰਧਤ ਸਮੱਸਿਆਵਾਂ ਦਾ ਮੌਕੇ 'ਤੇ ਹੀ ਹੱਲ ਕੀਤਾ ਜਾਵੇਗਾ।

ਬਾਬਾ ਖੇਤਰਪਾਲ ਮੰਦਰ ਦਾ ਲੈਂਟਰ ਪਾਇਆ

ਬਾਘਾ ਪੁਰਾਣਾ (ਮਨੀ ਸਿੰਗਲਾ)-ਬਾਬਾ ਖੇਤਰਪਾਲ ਮੰਦਰ ਦੇ ਚੇਅਰਮੈਨ ਵਿਜੇ ਬਾਂਸਲ, ਪ੍ਰਧਾਨ ਸਜੀਵ ਕੁਮਾਰ, ਰਾਕੇਸ਼ ਤੋਤਾ, ਪ੍ਰਸਿੰਨ ਕੁਮਾਰ ਤੇ ਜਗਪਤੀ ਪ੍ਰਸ਼ਾਦ ਦੀ ਅਗਵਾਈ ਵਿੱਚ ਐੱਨ ਆਰ ਆਈ ਵੀਰਾਂ ਤੇ ਸ਼ਹਿਰ ਵਾਸੀਆਂ ਦੇ ਸਾਹਿਯੋਗ ਨਾਲ 29 ਸਤੰਬਰ 2022 ਨੂੰ ਮੰਦਰ ਦੀ ਉਸਾਰੀ ਲਈ ਨੀਂਹ ਪੱਥਰ ਰੱਖਿਆ ਗਿਆ ਸੀ, ਜਿਸ ਤੋਂ ਬਾਅਦ ਉਸਾਰੀ ਦਾ ਕੰਮ ਬਹੁਤ ਤੇਜ਼ੀ ਨਾਲ ਚੱਲ ਪਿਆ ਤੇ ਅੱਜ ਬਾਬਾ ਖੇਤਰਪਾਲ ਜੀ ਦੇ ਮੰਦਰ ਦਾ ਲੈਂਟਰ ਪਾਇਆ ਗਿਆ। ਉਨ੍ਹਾ ਕਿਹਾ ਕਿ ਲੈਂਟਰ ਤੋਂ ਬਾਅਦ ਵਿੱਚ ਮੰਦਰ ਨੂੰ ਭਗਤਾਂ ਦੇ ਸਹਿਯੋਗ ਨਾਲ ਪੂਰੀ ਤਰ੍ਹਾਂ ਨਾਲ ਸਜਾਇਆ ਜਾਵੇਗਾ, ਜਿਸ ਵਿੱਚ ਰੰਗ ਰੋਗਨ ਤੇ ਵੱਖ ਵੱਖ ਤਰ੍ਹਾਂ ਦੀਆਂ ਰੰਗ ਬਿਰੰਗੀਆਂ ਲਾਈਟਾਂ ਤੇ ਸ਼ਰਧਾਲੂਆਂ ਦੇ ਬੈਠਣ ਲਈ ਫਰਸ਼ ਲਗਾਇਆ ਜਾਵੇਗਾ।

ਸਟੱਡੀ ਸਰਕਲ ਵੱਲੋਂ ਇਨਾਮ ਵੰਡ ਸਮਾਗਮ ਭਲਕੇ

ਸੰਗਰੂਰ (ਪ੍ਰਵੀਨ ਸਿੰਘ)-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ 50 ਸਾਲਾ ਸਥਾਪਨਾ ਦਿਵਸ ਦੀਆਂ ਸਰਗਰਮੀਆਂ ਅਧੀਨ ਸੰਗਰੂਰ-ਬਰਨਾਲਾ-ਮਾਲੇਰਕੋਟਲਾ ਜ਼ੋਨ ਦੇ ਵਿਦਿਆਰਥੀਆਂ ਦਾ ਨੈਤਿਕ ਸਿੱਖਿਆ ਇਮਤਿਹਾਨ ਫਰਵਰੀ ਮਹੀਨੇ ਕਰਵਾਇਆ ਗਿਆ ਸੀ। ਉਸ ਇਮਤਿਹਾਨ ਦੇ ਨਤੀਜੇ ਦੇ ਆਧਾਰ ਤੇ ਜੇਤੂ ਵਿਦਿਆਰਥੀਆਂ ਦਾ ਇਨਾਮ ਵੰਡ ਸਮਾਗਮ ਸਰਕਾਰੀ ਰਣਬੀਰ ਕਾਲਜ ਸੰਗਰੂਰ ਵਿਖੇ 27 ਅਪ੍ਰੈਲ ਨੂੰ ਸਵੇਰੇ 10 ਵਜੇ ਸੈਮੀਨਾਰ ਹਾਲ ਵਿੱਚ ਹੋ ਰਿਹਾ ਹੈ। ਕੁਲਵੰਤ ਸਿੰਘ ਨਾਗਰੀ ਜ਼ੋਨਲ ਸਕੱਤਰ, ਸੁਰਿੰਦਰ ਪਾਲ ਸਿੰਘ ਸਿਦਕੀ ਐਡੀਸ਼ਨਲ ਚੀਫ ਸਕੱਤਰ ਨੇ ਦੱਸਿਆ ਕਿ ਇਮਤਿਹਾਨ 'ਚੋਂ ਪਹਿਲੇ ਪੰਜ ਸਥਾਨਾਂ ਦੇ ਜੇਤੂਆਂ ਨੂੰ ਨਗਦ ਰਾਸ਼ੀ ਤੇ ਹੋਰ ਉਤਸ਼ਾਹ ਵਧਾਊ ਇਨਾਮ ਅਤੇ ਸਰਟੀਫਿਕੇਟ ਵੀ ਦਿੱਤੇ ਜਾਣਗੇ। ਇਸ ਮੌਕੇ ਵਿੱਦਿਅਕ ਸੈਮੀਨਾਰ ਵੀ ਹੋਵੇਗਾ, ਜਿਸ 'ਚ ਡਾ: ਹਰਮੰਦਰ ਸਿੰਘ ਤੇ ਗਿਆਨ ਸਿੰਘ ਵਿਚਾਰ ਪੇਸ਼ ਕਰਨਗੇ।

ਸਬ-ਸੈਂਟਰ ਸੀਹਾਂਪਾੜੀ 'ਚ ਮਲੇਰੀਆ ਜਾਗਰੂਕਤਾ ਕੈਂਪ ਲਾਇਆ

ਮੱਖੂ (ਰਛਪਾਲ ਸਿੰਘ ਸੰਧੂ)-ਸਿਵਲ ਸਰਜਨ ਫ਼ਿਰੋਜ਼ਪੁਰ ਡਾ. ਰਜਿੰਦਰ ਪਾਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਐਸਐਮਓ ਡਾ. ਬਲਕਾਰ ਸਿੰਘ ਦੀ ਦੇਖ-ਰੇਖ ਹੇਠ ਸਬ ਸੈਂਟਰ ਸੀਹਾਂਪਾੜੀ ਵਿਖੇ ਸਰਕਾਰੀ ਹਾਈ ਸਕੂਲ ਤੇ ਸਰਕਾਰੀ ਪ੍ਰਾਇਮਰੀ ਸਕੂਲ 'ਚ ਮਲੇਰੀਆ ਜਾਗਰੂਕਤਾ ਕੈਂਪ ਤੇ ਮਲੇਰੀਆ ਦਿਵਸ ਮਨਾਇਆ ਗਿਆ। ਸਕੂਲ ਦੇ ਵਿਦਿਆਰਥੀਆਂ ਤੇ ਪਿੰਡ ਵਾਸੀਆਂ ਨੂੰ ਜਾਣਕਾਰੀ ਦਿੰਦਿਆਂ ਹੈਲਥ ਸੁਪਰਵਾਈਜਰ ਕਸ਼ਮੀਰ ਸਿੰਘ ਤੇ ਰੋਹਿਤ ਢੀਂਗੜਾ ਨੇ ਦੱਸਿਆ ਕਿ ਮਲੇਰੀਆ ਬੁਖਾਰ ਮਾਦਾ ਐਨੋਫਲਿਜ ਮੱਛਰ ਦੇ ਕੱਟਣ ਨਾਲ ਫੈਲਦਾ ਹੈ, ਜਿਸ ਨਾਲ ਠੰਡ ਲੱਗ ਕੇ ਤੇਜ਼ ਬੁਖਾਰ, ਉਲਟੀਆਂ, ਸਿਰਦਰਦ ਆਦਿ ਦੇ ਲੱਛਣ ਹੁੰਦੇ ਹਨ। ਮਲੇਰੀਆ ਬੁਖਾਰ ਤੋਂ ਬਚਣ ਲਈ ਰਾਤ ਨੂੰ ਸੌਣ ਲੱਗੇ ਮੱਛਰਦਾਨੀ ਦੀ ਵਰਤੋਂ, ਪੂਰੀ ਬਾਂਹ ਦੇ ਕੱਪੜੇ, ਮੱਛਰ ਭਜਾਓ ਦੀਆਂ ਕਰੀਮਾਂ ਅਤੇ ਘਰ ਦੇ ਆਸ-ਪਾਸ ਪਾਣੀ ਨੂੰ ਜਮ੍ਹਾਂ ਨਹੀਂ ਹੋਣ ਦੇਣਾ ਚਾਹੀਦਾ। ਇਸ ਮੌਕੇ ਸਕੂਲਾਂ ਦੇ ਵਿਦਿਆਰਥੀ, ਸਟਾਫ਼ ਤੇ ਪਿੰਡ ਵਾਸੀ ਹਾਜ਼ਰ ਸਨ।

ਰੇਲਵੇ ਫਾਟਕ ਜ਼ਿਆਦਾ ਸਮਾਂ ਬੰਦ ਰਹਿਣ ਕਾਰਨ ਇਲਾਕਾ ਵਾਸੀ ਪ੍ਰੇਸ਼ਾਨ

ਬਰੇਟਾ (ਰੀਤਵਾਲ)-ਸਥਾਨਕ ਰੇਲਵੇ ਫਾਟਕ ਜ਼ਿਆਦਾਤਰ ਬੰਦ ਰਹਿਣ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਝੱਲਣੀ ਪੈ ਰਹੀ ਹੈ। ਇਲਾਕਾ ਨਿਵਾਸੀਆਂ ਵੱਲੋਂ ਪਿਛਲੇ ਲੰਮੇ ਸਮੇਂ ਤ

26-April-PAGE-11-Majha-23.qxd 4/25/2023 10:44 PM Page 1

ਮੰਡੀਆਂ 'ਚ ਕਣਕ ਦੀ ਖਰੀਦ ਤੇ ਲਿਫਟਿੰਗ 'ਚ ਤੇਜ਼ੀ ਲਿਆਉਣ ਦੀਆਂ ਹਦਾਇਤਾਂ ਜਾਰੀ

ਗੁਰਦਾਸਪੁਰ, (ਜਨਕ ਮਹਾਜਨ)-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਹਾੜੀ ਦੀ ਫਸਲ ਦੇ ਖਰੀਦ ਪ੍ਰਬੰਧਾਂ ਵਿੱਚ ਲੱਗੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਮੰਡੀਆਂ ਵਿੱਚ ਕਣਕ ਦੀ ਖਰੀਦ ਅਤੇ ਲਿਫਟਿੰਗ ਵਿੱਚ ਤੇਜ਼ੀ ਲਿਆਉਣ ਦੀ ਹਦਾਇਤ ਕੀਤੀ ਹੈ ਤਾਂ ਜੋ ਮੰਡੀਆਂ ਵਿੱਚ ਕਿਸਾਨਾਂ ਨੂੰ ਕੋਈ ਮੁਸ਼ਕਲ ਨਾ ਆਵੇ। ਸਵੇਰੇ ਸਥਾਨਕ ਪੰਚਾਇਤ ਭਵਨ ਵਿਖੇ ਕਣਕ ਦੀ ਖਰੀਦ ਦਾ ਜਾਇਜ਼ਾ ਲੈਂਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਮੰਡੀਆਂ ਵਿੱਚ ਕਿਸਾਨਾਂ ਦੀ ਫਸਲ ਦਾ ਇੱਕ-ਇੱਕ ਦਾਣਾ ਪੂਰੇ ਭਾਅ 'ਤੇ ਖਰੀਦਣ ਲਈ ਵਚਨਬੱਧ ਹੈ।

ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਮੰਡੀਆਂ ਵਿੱਚ ਕਿਸਾਨਾਂ ਦੀ ਹਰ ਸਹੂਲਤ ਦਾ ਖਿਆਲ ਰੱਖਿਆ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਫਸਲ ਵੇਚਣ ਆਏ ਕਿਸਾਨ ਦੀ ਜਿਨਸ ਨੂੰ ਤੁਰੰਤ ਖਰੀਦ ਕੇ ਨਿਰਧਾਰਤ ਸਮੇਂ ਅੰਦਰ ਉਸਦੀ ਅਦਾਇਗੀ ਕੀਤੀ ਜਾਵੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਖਰੀਦੀ ਗਈ ਫਸਲ ਦੀ ਲਿਫਟਿੰਗ ਵੀ ਨਾਲ ਦੀ ਨਾਲ ਹੀ ਕੀਤੀ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਸਖਤ ਤਾੜਨਾ ਕੀਤੀ ਕਿ ਮੰਡੀਆਂ ਵਿੱਚ ਕਣਕ ਦੀ ਖਰੀਦ ਜਾਂ ਲਿਫਟਿੰਗ ਵਿੱਚ ਕਿਸੇ ਤਰਾਂ ਦੀ ਦੇਰੀ ਜਾਂ ਢਿੱਲ-ਮੱਠ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਜਿਸ ਮੰਡੀ ਵਿੱਚ ਲਿਫਟਿੰਗ ਦਾ ਕੰਮ ਢਿੱਲਾ ਪਾਇਆ ਗਿਆ ਉਸ ਖਰੀਦ ਏਜੰਸੀ ਤੇ ਹੋਰ ਜਿੰਮੇਵਾਰ ਅਧਿਕਾਰੀਆਂ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਮੰਡੀ ਵਾਈਜ ਵੱਖ-ਵੱਖ ਖਰੀਦ ਏਜੰਸੀਆਂ ਦੀ ਕਾਰਗੁਜ਼ਾਰੀ ਦਾ ਰੀਵਿਊ ਕੀਤਾ ਗਿਆ। ਇਸ ਮੌਕੇ ਉਨ੍ਹਾਂ ਜ਼ਿਲ੍ਹੇ ਦੇ ਵੱਖ-ਵੱਖ ਗੁਦਾਮਾਂ ਦੀ ਸਟੋਰੇਜ ਸਮਰੱਥਾ ਅਤੇ ਓਥੇ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ।

ਮਾਮਲਾ ਗੁਰਦੁਆਰਾ ਸਾਹਿਬ ਨੂੰ ਬੋਧੀ ਅਸਥਾਨ 'ਚ ਤਬਦੀਲ ਕਰਨ ਦਾ

ਸ਼੍ਰੋਮਣੀ ਕਮੇਟੀ ਦਾ ਉੱਚ ਪੱਧਰੀ ਵਫ਼ਦ ਜਾਵੇਗਾ ਅਰੁਣਾਚਲ ਪ੍ਰਦੇਸ਼

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਰੁਣਾਚਲ ਪ੍ਰਦੇਸ਼ ਦੇ ਮੇਚੁਕਾ ਵਿਖੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁਰਦੁਆਰਾ ਸਾਹਿਬ ਨੂੰ ਬੋਧੀ ਅਸਥਾਨ 'ਚ ਤਬਦੀਲ ਕਰਨ ਦੇ ਮਾਮਲੇ 'ਤੇ ਇਕ ਵਫ਼ਦ ਭੇਜਣ ਦੀ ਕਾਰਵਾਈ ਆਰੰਭੀ ਹੈ। ਬੀਤੇ ਦਿਨੀਂ ਮਾਮਲਾ ਸਾਹਮਣੇ ਆਉਣ ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਦੀ ਕਰੜੀ ਨਿੰਦਾ ਕਰਦਿਆਂ ਸਰਕਾਰ ਪਾਸੋਂ ਕਾਰਵਾਈ ਦੀ ਮੰਗ ਕੀਤੀ ਸੀ। ਇਸੇ ਤਹਿਤ ਹੀ ਹੁਣ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਇਕ ਉੱਚ ਪੱਧਰੀ ਵਫ਼ਦ ਭੇਜਣ ਦਾ ਫੈਸਲਾ ਕੀਤਾ ਹੈ। ਅਰੁਣਾਚਲ ਪ੍ਰਦੇਸ਼ ਭੇਜੇ ਜਾਣ ਵਾਲੇ ਇਸ ਵਫ਼ਦ ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸਿੱਖ ਇਤਿਹਾਸਕਾਰ ਕਰਨਲ ਦਲਵਿੰਦਰ ਸਿੰਘ ਗਰੇਵਾਲ ਨੂੰ ਸ਼ਾਮਲ ਕੀਤਾ ਗਿਆ ਹੈ, ਜਦਕਿ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ ਨੂੰ ਕੋਆਰਡੀਨੇਟਰ ਲਗਾਇਆ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਓਐਸਡੀ ਸਤਬੀਰ ਸਿੰਘ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿੱਖ ਅਸਥਾਨ ਦੀ ਹੋਂਦ ਨੂੰ ਖ਼ਤਮ ਕਰਨਾ ਬੇਹੱਦ ਚਿੰਤਾਜਨਕ ਹੈ, ਜਿਸ ਨੂੰ ਵੇਖਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਥਾਨਕ ਪੱਧਰ 'ਤੇ ਜਾ ਕੇ ਜਾਂਚ ਪੜਤਾਲ ਲਈ ਉੱਚ ਪੱਧਰੀ ਵਫ਼ਦ ਭੇਜਣ ਦਾ ਫੈਸਲਾ ਲਿਆ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦਾ ਵਫ਼ਦ ਮੇਚੁਕਾ ਵਿਖੇ ਜਾ ਕੇ ਸਬੰਧਤ ਅਸਥਾਨ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲੈਣ ਦੇ ਨਾਲ-ਨਾਲ ਅਰੁਨਾਚਲ ਪ੍ਰਦੇਸ਼ ਦੀ ਸਰਕਾਰ ਦੇ ਨੁਮਾਇੰਦਿਆਂ ਨਾਲ ਮਾਮਲੇ ਸਬੰਧੀ ਗੱਲਬਾਤ ਵੀ ਕਰੇਗਾ। ਉਨ੍ਹਾਂ ਦੱਸਿਆ ਕਿ ਇਸ ਕਮੇਟੀ ਵਿਚ ਸ਼੍ਰੋਮਣੀ ਕਮੇਟੀ ਦੇ ਉੱਚ ਅਹੁਦੇਦਾਰ, ਕਾਨੂੰਨੀ ਮਾਹਿਰ ਅਤੇ ਸਿੱਖ ਵਿਦਵਾਨ ਸ਼ਾਮਲ ਕੀਤੇ ਗਏ ਹਨ, ਤਾਂ ਜੋ ਹਰ ਪੱਖ ਤੋਂ ਮਾਮਲੇ ਦੀ ਜਾਂਚ ਕੀਤੀ ਜਾ ਸਕੇ।

ਓਐਸਡੀ ਸਤਬੀਰ ਸਿੰਘ ਨੇ ਇਹ ਵੀ ਦੱਸਿਆ ਕਿ ਐਨਸੀਈਆਰਟੀ ਦੀਆਂ ਪੁਸਤਕਾਂ ਵਿਚ ਸਿੱਖ ਇਤਿਹਾਸ ਬਾਰੇ ਗਲਤ ਜਾਣਕਾਰੀ ਦੇ ਮਸਲੇ 'ਤੇ ਵੀ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਕ ਕਮੇਟੀ ਬਣਾਈ ਹੈ। ਇਸ ਵਿਚ ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਸਿੱਖ ਵਿਦਵਾਨ ਡਾ. ਇੰਦਰਜੀਤ ਸਿੰਘ ਗੋਗੋਆਣੀ, ਜਥੇਦਾਰ ਗੁਰਚਰਨ ਸਿੰਘ ਟੌਹੜਾ ਗੁਰਮਤਿ ਇੰਸਟੀਚਿਊਟ ਬਹਾਦਰਗੜ੍ਹ ਪਟਿਆਲਾ ਦੇ ਡਾਇਰੈਕਟਰ ਡਾ. ਚਮਕੌਰ ਸਿੰਘ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਇਤਿਹਾਸ ਵਿਭਾਗ ਦੇ ਮੁੱਖੀ ਨੂੰ ਲਿਆ ਗਿਆ ਹੈ। ਇਸ ਕਮੇਟੀ ਨੂੰ ਸਿੱਖ ਇਤਿਹਾਸ ਰਿਸਰਚ ਬੋਰਡ ਦੇ ਇੰਚਾਰਜ ਡਾ. ਜੋਗੇਸ਼ਵਰ ਸਿੰਘ ਕੋਆਰਡੀਨੇਟ ਕਰਨਗੇ। ਦੱਸਣਯੋਗ ਹੈ ਕਿ ਐਨਸੀਈਆਰਟੀ ਦੀ ਪੁਸਤਕ ਵਿਚ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਨੂੰ ਵੱਖਵਾਦੀ ਦਰਸਾਉਣ ਦਾ ਮਾਮਲਾ ਸਾਹਮਣੇ ਆਇਆ ਸੀ, ਜਿਸ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਨੇ ਇਹ ਕਮੇਟੀ ਗਠਤ ਕੀਤੀ ਹੈ। ਇਹ ਵੀ ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਤੋਂ ਪਹਿਲਾਂ ਮਾਮਲੇ ਦਾ ਨੋਟਿਸ ਲੈਂਦਿਆਂ ਭਾਰਤ ਸਰਕਾਰ ਦੇ ਸਿੱਖਿਆ ਮੰਤਰੀ, ਸਿੱਖਿਆ ਸਕੱਤਰ ਅਤੇ ਐਨਸੀਈਆਰਟੀ ਦੇ ਡਾਇਰੈਕਟਰ ਨੂੰ ਪੱਤਰ ਵੀ ਲਿਖੇ ਜਾ ਚੁੱਕੇ ਹਨ।

ਨਾੜ ਨੂੰ ਅੱਗ ਲਗਾਉਣ ਵਾਲਿਆਂ ਖਿਲਾਫ਼ ਹੋਵੇਗੀ ਸਖ਼ਤੀ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਜ਼ਿਲ੍ਹਾ ਮੈਜਿਸਟ੍ਰੇਟ ਅੰਮ੍ਰਿਤਸਰ ਹਰਪ੍ਰੀਤ ਸਿੰਘ ਸੂਦਨ ਨੇ ਜ਼ਾਬਤਾ ਫ਼ੌਜਦਾਰੀ ਸੰਘਤਾ, 1973 ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਅੰਮ੍ਰਿਤਸਰ ਦੀ ਹਦੂਦ ਅੰਦਰ ਕੰਬਾਈਨ ਰਾਹੀਂ ਕਣਕ ਦੀ ਕਟਾਈ ਉਪਰੰਤ ਨਾੜ ਨੂੰ ਅੱਗ ਲਾ ਕੇ ਸਾੜਨ 'ਤੇ ਵੀ ਮੁਕੰਮਲ ਪਾਬੰਦੀ ਲਗਾਈ ਹੈ ਅਤੇ ਹੁਕਮ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਜਾਰੀ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਇਹ ਧਿਆਨ ਵਿਚ ਆਇਆ ਹੈ ਕਿ ਕਣਕ ਦੀ ਕਟਾਈ ਜ਼ਿਆਦਾਤਰ ਕੰਬਾਈਨ ਮਸ਼ੀਨ ਦੁਆਰਾ ਕੀਤੀ ਜਾਂਦੀ ਹੈ ਅਤੇ ਕਣਕ ਦੇ ਨਾੜ ਨੂੰ ਪੈਲੀ ਵਿਚ ਛੱਡ ਦਿੱਤਾ ਜਾਂਦਾ ਹੈ। ਬਾਅਦ ਵਿਚ ਨਾੜ ਨੂੰ ਅੱਗ ਲਾ ਕੇ ਸਾੜਿਆ ਜਾਂਦਾ ਹੈ।

ਕਈ ਵਾਰ ਕਣਕ ਦੇ ਨਾੜ ਨੂੰ ਨਸ਼ਟ ਕਰਨ ਦੇ ਮੰਤਵ ਲਈ ਲਗਾਈ ਅੱਗ ਨਾਲ ਲਾਗਲੀਆਂ ਫ਼ਸਲਾਂ, ਘਰਾਂ, ਦਰਖ਼ਤਾਂ, ਪਸ਼ੂਆਂ ਵਗੈਰਾ ਨੂੰ ਵੀ ਅੱਗ ਲੱਗਣ ਦਾ ਖ਼ਤਰਾ ਬਣਿਆ ਰਹਿੰਦਾ ਹੈ, ਜਿਸ ਨਾਲ ਕਾਫ਼ੀ ਮਾਲੀ/ਜਾਨੀ ਨੁਕਸਾਨ ਹੁੰਦਾ ਹੈ।

ਇਸ ਤੋਂ ਇਲਾਵਾ ਧਰਤੀ ਵਿਚਲੇ ਕਈ ਤੱਤ ਤਬਾਹ ਹੋ ਜਾਂਦੇ ਹਨ ਅਤੇ ਧਰਤੀ ਦੀ ਉਪਜਾਊ ਸ਼ਕਤੀ 'ਤੇ ਵੀ ਅਸਰ ਪੈਂਦਾ ਹੈ। ਸਿੱਟੇ ਵਜੋਂ ਜਨਜੀਵਨ ਪ੍ਰਭਾਵਿਤ ਹੁੰਦਾ ਹੈ ਅਤੇ ਵਾਤਾਵਰਨ ਵੀ ਗੰਧਲਾ ਹੁੰਦਾ ਹੈ। ਇਸ ਲਈ ਇਸ ਸਥਿਤੀ ਨੂੰ ਮੁੱਖ ਰੱਖਦਿਆਂ ਦੇ ਨਾੜ ਨੂੰ ਅੱਗ ਲਾ ਕੇ ਸਾੜਨ ਤੋਂ ਰੋਕਣ ਦੀ ਅਤਿਅੰਤ ਜ਼ਰੂਰਤ ਹੈ। ਇਹ ਹੁਕਮ 11 ਜੂਨ 2023 ਤੱਕ ਲਾਗੂ ਰਹੇਗਾ।

15 ਸਾਲ ਪੁਰਾਣੇ ਡੀਜ਼ਲ ਆਟੋ ਤੇ ਚੱਲ ਰਹੇ ਈ-ਰਿਕਸ਼ਿਆਂ ਵਿਰੁੱਧ ਜਲਦ ਕਾਰਵਾਈ ਦਾ ਭਰੋਸਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਬੀਤੇ 24 ਅਪ੍ਰੈਲ ਨੂੰ ਅੰਮ੍ਰਿਤਸਰ ਸਮਾਰਟ ਸਿਟੀ ਪ੍ਰੋਜੈਕਟ ਅਧੀਨ ਸ਼ਹਿਰ ਵਿੱਚ ਵੱਧ ਰਹੇ ਟ੍ਰੈਫਿਕ ਅਤੇ ਪ੍ਰਦੂਸ਼ਨ ਦੀ ਰੋਕਥਾਮ/ਰੋਡ ਸੇਫ਼ਟੀ ਨੂੰ ਲੈ ਕੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਹੋਈ ਜਿਸ ਵਿਚ ਡਿਪਟੀ ਕਮਿਸ਼ਨਰ ਅੰਮ੍ਰਿਤਸਰ, ਕਮਿਸ਼ਨਰ ਆਫ਼ ਪੁਲਸ, ਸਮਾਰਟ ਸਿਟੀ ਦੇ ਸੀ.ਈ.ਓ.-ਕਮ-ਕਮਿਸ਼ਨਰ ਨਗਰ ਨਿਗਮ ਸੰਦੀਪ ਰਿਸ਼ੀ ਤੋਂ ਇਲਾਵਾ ਰਿਜਨਲ ਟ੍ਰਾਂਸਪੋਰਟ ਅਥਾਰਟੀ ਅੰਮ੍ਰਿਤਸਰ ਸ਼ਾਮਿਲ ਹੋਏ।

ਮੀਟਿੰਗ ਵਿਚ ਅੰਮ੍ਰਿਤਸਰ ਸ਼ਹਿਰ ਨੂੰ ਸਮਾਰਟ ਸਿਟੀ ਬਨਾਉਣ ਲਈ ਉਲੀਕੇ ਜਾ ਰਹੇ ਪ੍ਰੋਜੈਕਟਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਜਿਸ ਵਿਚ ਕਮਿਸ਼ਨਰ ਸੰਦੀਪ ਰਿਸ਼ੀ ਵੱਲੋਂ ਅੰਮ੍ਰਿਤਸਰ ਸ਼ਹਿਰ ਵਿਚ 15 ਸਾਲ ਪੁਰਾਣੇ ਡੀਜ਼ਲ ਆਟੋਜ਼ ਵੱਲੋਂ ਫੈਲਾਏ ਜਾ ਰਹੇ ਪ੍ਰਦੂਸ਼ਨ ਅਤੇ ਅਣ-ਅਧਿਕਾਰਤ ਤੌਰ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਚੱਲ ਰਹੇ ਈ-ਰਿਕਸ਼ਿਆਂ ਸਬੰਧੀ ਜਾਣੂੰ ਕਰਵਾਉਂਦੇ ਹੋਏ ਦੱਸਿਆ ਗਿਆ ਕਿ ਸਰਕਾਰ ਦੀ "ਰਾਹੀ ਸਕੀਮ" ਅਧੀਨ ਇਹਨਾਂ 15 ਸਾਲ ਪੁਰਾਣੇ ਡੀਜ਼ਲ ਆਟੋ ਅਤੇ ਅਣ-ਅਧਿਕਾਰਤ ਤੌਰ 'ਤੇ ਚਲ ਰਹੇ ਈ-ਰਿਕਸ਼ਿਆਂ ਦੀ ਥਾਂ 'ਤੇ ਅਤਿ ਆਧੁਨਿਕ ਈ-ਆਟੋ ਅਪਨਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ ਜਿਸ ਵਿੱਚ ਸੜਕਾਂ ਤੇ ਚੱਲ ਰਹੇ ਇਨਾਂ ਵਾਹਨਾਂ ਦੇ ਚਾਲਕਾਂ ਨੂੰ ਈ-ਆਟੋ ਵਾਸਤੇ ਜਾਗਰੂਕ ਕਰਨ ਅਤੇ ਰਜਿਸਟ੍ਰੇਸ਼ਨ ਕਰਵਾਉਣ ਲਈ ਉਤਸ਼ਾਹਿਤ ਕਰਨ ਵਾਸਤੇ ਕਰਮਚਾਰੀਆਂ ਦੀ ਡਿਊਟੀ ਲਗਾਈ ਗਈ ਹੈ ਇਸ ਤੋਂ ਇਲਾਵਾ ਸ਼ਹਿਰ ਦੇ ਹਰ ਪ੍ਰਮੁੱਖ ਚੌਂਕ-ਚੌਰਾਹੇ ਅਤੇ ਐਲੀਵੇਟਿਡ ਰੋਡ ਤੇ ਈ-ਆਟੋ ਦੀ ਜਾਣਕਾਰੀ ਲਈ ਹੋਰਡਿੰਗ ਲਗਾਏ ਗਏ ਹਨ, ਪਰ ਇਸ "ਰਾਹੀ ਸਕੀਮ" ਨੂੰ ਅਸਲੀ ਸਫ਼ਲਤਾ ਤਾਂ ਹੀ ਮਿਲ ਸਕਦੀ ਹੈ ਜਦੋਂ ਰਿਜ਼ਨਲ ਟ੍ਰਾਂਸਪੋਰਟ ਅਥਾਰਟੀ ਅਤੇ ਪੁਲਸ ਪ੍ਰਸ਼ਾਸਨ ਇਨਾਂ 15 ਸਾਲ ਪੁਰਾਣੇ ਡੀਜ਼ਲ ਆਟੋ ਅਤੇ ਅਣ-ਅਧਿਕਾਰਤ ਤੌਰ ਤੇ ਚਲ ਰਹੇ ਈ-ਰਿਕਸ਼ਿਆਂ ਦੇ ਵਿਰੁੱਧ ਸੜਕਾਂ ਤੇ ਉੱਤਰ ਕੇ ਕਾਨੂੰਨ ਅਨੁਸਾਰ ਬਣਦੀਆਂ ਆਪਣੀਆਂ ਕਾਰਵਾਈਆਂ ਅਮਲ ਵਿਚ ਲਿਆਉਣ ਅਤੇ ਤਾਂ ਹੀ ਅੰਮ੍ਰਿਤਸਰ ਸ਼ਹਿਰ ਸਮਾਰਟ ਸਿਟੀ ਬਣ ਸਕਦਾ ਹੈ।

ਮੀਟਿੰਗ ਵਿਚ ਮੌਜੂਦ ਕਮਿਸ਼ਨਰ ਆਫ਼ ਪੁਲਸ ਅਤੇ ਰਿਜਨਲ ਟ੍ਰਾਂਸਪੋਰਟ ਅਥਾਰਟੀ ਵੱਲੋਂ ਭਰੋਸਾ ਦੁਆਇਆ ਗਿਆ ਕਿ ਉਨਾਂ ਦੇ ਵਿਭਾਗਾਂ ਵੱਲੋਂ ਇਸ ਸਬੰਧੀ ਕਾਰਵਾਈ ਜਲਦ ਹੀ ਆਰੰਭੀਆਂ ਜਾਣਗੀਆਂ ਜਿਸ ਦਾ ਸਿੱਟਾ ਆਉਣ ਵਾਲੇ ਦਿਨਾਂ ਵਿਚ ਸ਼ਹਿਰ ਵਾਸੀਆਂ ਨੂੰ ਨਜ਼ਰ ਆਵੇਗਾ।

ਡਾਕਟਰ ਸੱਖੀ ਦੇ ਹੱਕ 'ਚ ਕੀਤਾ ਜ਼ੋਰਦਾਰ ਚੋਣ ਪ੍ਰਚਾਰ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ) ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਗਠਜੋੜ ਦੇ ਸਾਂਝੇ ਉਮੀਦਵਾਰ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਦੇ ਹੱਕ ਵਿੱਚ ਹਲਕਾ ਖਡੂਰ ਸਾਹਿਬ ਦੇ ਸੀਨੀਅਰ ਆਗੂਆਂ ਅਤੇ ਸਰਗਰਮ ਵਰਕਰਾਂ ਵੱਲੋਂ ਹਲਕਾ ਕਰਤਾਰਪੁਰ ਦੇ ਸਰਕਲ ਲਾਂਬੜਾ ਦੇ ਵੱਖ-ਵੱਖ ਪਿੰਡਾਂ ਵਿੱਚ ਘਰ ਘਰ ਜਾ ਕੇ ਚੋਣ ਪ੍ਰਚਾਰ ਕੀਤਾ ਗਿਆ , ਇਸ ਦੀ ਸ਼ੁਰੂਆਤ ਪਿੰਡ ਹੁਸੈਨਪੁਰ ਵਿਖੇ ਯੂਥ ਅਕਾਲੀ ਆਗੂ ਸੁਰਿੰਦਰ ਸਿੰਘ ਦੇ ਨਗਰ ਤੋਂ ਕੀਤੀ ਗਈ। ਇਸ ਸਬੰਧੀ ਪਿੰਡਾਂ ਵਿੱਚ ਭਾਰੀ ਉਤਸਾਹ ਪਾਇਆ ਜਾ ਰਿਹਾ ਸੀ। ਇਸ ਮੌਕੇ ਤੇ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਨੇ ਸੰਬੋਧਨ ਕਰਦਿਆਂ ਕਿਹਾ ਆਮ ਆਦਮੀ ਪਾਰਟੀ ਦੀ ਸਰਕਾਰ ਜਲੰਧਰ ਲੋਕ ਸਭਾ ਚੋਣ ਬਹੁਤ ਵੱਡੇ ਫਰਕ ਨਾਲ ਹਾਰ ਰਹੀ ਹੈ ਕਿਉਂਕਿ ਇਸ ਪਾਰਟੀ ਨੇ ਚੋਣਾਂ ਦੌਰਾਨ ਬਹੁਤ ਵੱਡੇ ਵੱਡੇ ਝੂਠ ਬੋਲੇ ਸਨ ਅਤੇ ਵੱਡੀਆਂ ਵੱਡੀਆਂ ਗਰੰਟੀਆਂ ਦਿਤੀਆਂ ਗਈਆਂ ਸਨ ਪਰ ਸੂਬੇ ਦੇ ਲੋਕ ਹੁਣ ਆਪਣੇ ਆਪ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹਨ ਅਤੇ ਜਲੰਧਰ ਲੋਕ ਸਭਾ ਚੋਣ ਦਾ ਬੇਸਬਰੀ ਨਾਲ ਉਡੀਕ ਕਰ ਰਹੇ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ, ਹਲਕਾ ਖਡੂਰ ਸਾਹਿਬ ਦੇ ਸੀਨੀਅਰ ਆਗੂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਜਥੇਬੰਦਕ ਸਕੱਤਰ ਕੁਲਦੀਪ ਸਿੰਘ ਔਲਖ, ਜਥੇਬੰਦਕ ਸਕੱਤਰ ਦਲਬੀਰ ਸਿੰਘ ਜਹਾਂਗੀਰ, ਸਾਬਕਾ ਸਰਪੰਚ ਭੂਪਿੰਦਰ ਸਿੰਘ ਭਿੰਦਾ, ਸਾਬਕਾ ਜ਼ਿਲਾ ਪ੍ਰੀਸ਼ਦ ਮੈਂਬਰ ਪ੍ਰੇਮ ਸਿੰਘ, ਯੂਥ ਅਕਾਲੀ ਦਲ ਦੇ ਜਰਨਲ ਸਕੱਤਰ ਕੁਲਦੀਪ ਸਿੰਘ ਲਾਹੌਰੀਆ, ਸਤਨਾਮ ਸਿੰਘ ਚੋਹਲਾ ਸਾਹਿਬ , ਐਸ ਈ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਬਖਸ਼ੀਸ਼ ਸਿੰਘ ਡਿਆਲ, ਸਾਬਕਾ ਜ਼ਿਲਾ ਪ੍ਰੀਸ਼ਦ ਮੈਂਬਰ ਗਿਆਨ ਸਿੰਘ, ਸਤਨਾਮ ਸਿੰਘ ਕਰਮੂੰਵਾਲਾ, ਬਲਦੇਵ ਸਿੰਘ ਸੈਲਰ ਵਾਲੇ, ਵਰਿੰਦਰ ਸਿੰਘ ਜੋਤੀ, ਹਰਜਿੰਦਰ ਸਿੰਘ ਫੌਜੀ, ਜਗਤਾਰ ਸਿੰਘ ਧੂੰਦਾ ਅਤੇ ਹੋਰ ਸੀਨੀਅਰ ਆਗੂ ਹਾਜ਼ਰ ਸਨ।

ਬੇਅਦਬੀ ਕਰਨ ਵਾਲੇ ਦੋਸ਼ੀਆਂ ਉਪਰ ਹੋਵੇ ਕਤਲ

26-April-PAGE- 12.qxd 4/25/2023 10:44 PM Page 1

ਸੀ ਪੀ ਆਈ ਨੇ ਉਸਮਾਨਪੁਰ, ਕਾਜ਼ਮਪੁਰ , ਜਲਵਾਹਾ ਤੇ ਚਾਹੜ ਮਜਾਰਾ ਦੇ ਲੋਕਾਂ ਨੂੰ ਕੀਤਾ ਜਾਗਰੂਕ

ਬਹਿਰਾਮ (ਅਵਤਾਰ ਕਲੇਰ) ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਸੀ ਪੀ ਆਈ ਦੀ ਕੌਮੀ ਕੌਂਸਲ ਦੇ 14 ਅਪ੍ਰੈਲ ਤੋਂ 15 ਮਈ ਤੱਕ ਮੋਦੀ ਸਰਕਾਰ ਦੀਆਂ ਫਾਸੀਵਾਦੀ ਨੀਤੀਆਂ ਖਿਲਾਫ ਦਿੱਤੇ ਗਏ ਸੱਦੇ 'ਤੇ ਭਾਜਪਾ ਹਟਾਉ,ਦੇਸ਼ ਬਚਾਓ, ਲੋਕ ਬਚਾਉ ਨਾਅਰੇ ਤਹਿਤ ਕੌਮੀ ਪੱਧਰ 'ਤੇ ਚਲਾਈ ਜਾ ਰਹੀ ਜਨ ਸੰਪਰਕ ਮੁਹਿਮ ਤਹਿਤ ਅੱਜ ਪਿੰਡ ਉਸਮਾਨ ਪੁਰ, ਕਾਜਮ ਪੁਰ ,ਜਲਵਾਹਾ ਅਤੇ ਚਾਹੜ ਮਜਾਰਾ ਆਦਿ ਪਿੰਡਾਂ ਦੇ ਲੋਕਾਂ ਨੂੰ ਜਾਗਰੂਕ ਕੀਤਾ। ਇਸ ਜਨ ਸੰਪਰਕ ਮੁਹਿਮ ਦੀ ਅਗਵਾਈ ਭਾਰਤੀ ਕਮਿਊਨਿਸਟ ਪਾਰਟੀ ਦੀ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ, ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਸੁਤੰਤਰ ਕੁਮਾਰ ਨਵਾਂ ਸ਼ਹਿਰ, ਕਾਮਰੇਡ ਨਰੰਜਣ ਦਾਸ ਮੇਹਲੀ, ਕਾਮਰੇਡ ਜਸਵਿੰਦਰ ਸਿੰਘ ਭੰਗਲ, ਕਾਮਰੇਡ ਜਗਤਾਰ ਸਿੰਘ ਪੰਨੂੰ ਮਜਾਰਾ ਆਦਿ ਬਲਜਿੰਦਰ ਸਿੰਘ ਨੇ ਕੀਤੀ। ਇਨ੍ਹਾਂ ਪਿੰਡਾਂ ਵਿੱਚ ਇਕੱਠ ਨੂੰ ਸੰਬੋਧਨ ਕਰਦਿਆ ਆਗੂਆਂ ਨੇ ਕਿਹਾ ਕਿ ਪਿਛਲੇ ਨੌਂ ਸਾਲਾਂ ਤੋਂ ਜਦੋਂ ਦੀ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਸੱਤਾ ਵਿੱਚ ਆਈ ਹੈ ,ਇਸ ਦੇ ਤੁਗਲਕੀ ਫੈਸਲਿਆਂ ਨੇ ਨੋਟ ਬੰਦੀ,ਜੀ ਐਸ ਟੀ ਵਿਦੇਸ਼ਾਂ ਵਿੱਚੋਂ ਕਾਲਾ ਧਨ ਵਾਪਸ ਲਿਆਉਣ ਦੇ ਲਾਰਿਆਂ ਕਰੋਨਾ ਕਾਲ ਨਾਲ ਅਣ ਐਲਾਨੀ ਐਮਰਜੈਂਸੀ ਲਾ ਕੇ ਗਰੀਬ ਮਜਦੂਰਾਂ,ਛੋਟੇ ਦੁਕਾਨਦਾਰਾਂ ਨੂੰ ਰੋਟੀ ਤੋਂ ਮੁਥਾਜ ਕਰ ਦਿੱਤਾ ਇਸ ਸਾਰੇ ਸਮੇਂ ਦੌਰਾਨ ਸਰਮਾਏਦਾਰਾਂ ਦੀ ਆਮਦਨ ਵਿੱਚ ਅਥਾਹ ਵਾਧਾ ਹੋਇਆ ਹੈ। ਭਾਰਤ ਗਰੀਬੀ ਰੇਖਾ ਵਿੱਚ 197 ਦੇਸ਼ਾਂ ਵਿੱਚੋਂ 93ਵੇਂ ਤੋਂ 107 ਨੰਬਰ 'ਤੇ ਚਲਾ ਗਿਆ ਹੈ। ਧਰਮ ਦੇ ਨਾਂਅ 'ਤੇ ਘੱਟ ਗਿਣਤੀਆਂ 'ਤੇ ਹਮਲੇ ਕਰਵਾਏ ਜਾ ਰਹੇ ਹਨ। ਕਿਸਾਨਾਂ, ਮਜਦੂਰਾਂ ਦੇ ਸੰਵਿਧਾਨਕ ਹੱਕਾਂ ਨੂੰ ਖਤਮ ਕਰਨ ਲਈ ਸੰਵਿਧਾਨ ਨੂੰ ਹੀ ਖਤਮ ਕਰ ਕੇ ਮਨੂੰ ਸਿਮਰਤੀ ਦੇ ਸੋਹਲੇ ਗਾਏ। ਤਿੰਨ ਕਿਸਾਨ ਵਿਰੋਧੀ ਕਾਲੇ ਕਾਨੂੰਨ ਜਬਰੀ ਲਿਆਂਦੇ ਗਏ ਸਨ ਜਿਨ੍ਹਾਂ ਨੂੰ ਪੰਜਾਬ ਦੇ ਕਿਸਾਨਾਂ, ਮਜਦੂਰਾਂ ਸਮੇਤ ਹੋਰ ਵਰਗਾ ਦੇ ਲੋਕਾਂ ਨੇ ਜਥੇਬੰਦ ਹੋ ਕੇ ਵਾਪਸ ਕਰਵਾ ਕੇ ਇਤਿਹਾਸ ਰਚਿਆ। ਸੋ ਇਸ ਦੇਸ਼ ਵਿਰੋਧੀ, ਸੰਵਿਧਾਨ ਵਿਰੋਧੀ ਸਰਕਾਰ ਤੋਂ ਖਹਿੜਾ ਛੁਡਾਉਣ ਲਈ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਪੂਰੇ ਭਾਰਤ ਦੇ ਲੋਕਾਂ ਨੂੰ ਪਿੰਡ ਪਿੰਡ ਜਾ ਕੇ ਜਾਗਰੂਕ ਕਰਨ ਲਈ ਜਨ ਚੇਤਨਾ ਮਾਰਚ ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਲੋਕਾਂ ਵਿੱਚ ਮੋਦੀ ਸਰਕਾਰ ਤੋਂ ਖਹਿੜਾ ਛੁਡਾਉਣ ਲਈ ਉਤਸ਼ਾਹ ਨਜਰ ਆ ਰਿਹਾ ਹੈ, ਉਹ 2024 ਦੀ ਚੋਣਾਂ ਉਡੀਕ ਰਹੇ ਹਨ। ਇਸ ਜਨ ਚੇਤਨਾ ਮਾਰਚ ਦਾ ਇਨ੍ਹਾਂ ਪਿੰਡਾਂ ਵਿਚ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਚਾਹੜ ਮਜਾਰਾ ਤੋਂ ਜਗਤਾਰ ਸਿੰਘ ਤਾਰੀ,ਬੀਨਾ ਰਾਣੀ, ਰਾਜਵੀਰ ਕੌਰ, ਮਹਿੰਦਰ ਕੌਰ, ਜੋਗਿੰਦਰ ਪਾਲ, ਅਜੈ ਪਾਲ, ਸੁਰਜੀਤ ਸਿੰਘ, ਰੇਸਮ ਕੌਰ, ਪਰਮਜੀਤ ਕੌਰ, ਕੁਲਵੀਰ ਸਿੰਘ, ਗੁਰਦੇਵ ਸਿੰਘ ਗੋਲਡੀ, ਰਵਿੰਦਰ ਕੌਰ, ਮਨਜੀਤ ਕੌਰ, ਬਲਵੀਰ ਕੌਰ, ਬਿਮਲਾ ਦੇਵੀ, ਗਦਾਵਰ ਸਿੰਘ, ਨੀਲਮ ਦੇਵੀ, ਕਮਲਜੀਤ ਕੌਰ, ਖਰੈਤੀ ਲਾਲ, ਉਸਮਾਨ ਪੁਰ ਤੋਂ ਜਗਤਾਰ ਸਿੰਘ ਤਾਰੀ, ਜਸਵੀਰ ਸਿੰਘ, ਮਨਜੀਤ ਸਿੰਘ, ਹਰਪਾਲ ਸਿੰਘ, ਆਤਮਾ ਰਾਮ, ਸੁਰਿੰਦਰ ਸਿੰਘ, ਗੁਰਿੰਦਰ ਸਿੰਘ,ਕਾਜਮ ਪੁਰ ਤੋਂ ਸੁਖਦੇਵ ਸਿੰਘ,ਗਿਆਨ ਚੰਦ, ਵਿਨੇਸ, ਕਰਨਪ੍ਰੀਤ ਸਿੰਘ, ਸਤਨਾਮ ਸਿੰਘ ਹਰਦਿਆਲ ਸਿੰਘ,ਕੇਸਰ ਸਿੰਘ, ਜਲਵਾਹਾ ਤੋਂ ਸੁੱਖਾ ਮਾਨ,ਮਿੰਦੀ, ਅਸ਼ੋਕ ਕੁਮਾਰ,ਅਮਨ, ਅੰਕਿਤ,ਸੀਸੋ,ਦੇਸ ਰਾਜ ਪਰਮਿੰਦਰ, ਬਲਵਿੰਦਰ ਆਦਿ ਸ਼ਾਮਲ ਹੋਏ।

ਜਮਹੂਰੀ ਕਿਸਾਨ ਸਭਾ ਵੱਲੋਂ ਪੰਜਾਬ ਦੀਆਂ ਖਰੀਦ ਏਜੰਸੀਆਂ 'ਤੇ ਬਾਰਦਾਨੇ ਦੀ ਕਾਣੀ ਵੰਡ ਦਾ ਦੋਸ਼

ਨੂਰਪੁਰ ਬੇਦੀ, (ਸੁਰਜੀਤ ਸਿੰਘ ਕਾਹਲੋਂ)- ਜਮਹੂਰੀ ਕਿਸਾਨ ਸਭਾ ਪੰਜਾਬ ਨੇ ਮੰਡੀਆਂ ਵਿੱਚ ਕਣਕ ਦੀ ਖਰੀਦ ਦੌਰਾਨ ਆਪਣੇ ਚਹੇਤੇ ਆੜਤੀਆਂ ਨੂੰ ਬਾਰਦਾਨਾ ਦੇਣ 'ਤੇ ਨਾਰਾਜਗੀ ਜਤਾਈ ਹੈ। ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਮਾਸਟਰ ਗੁਰਨਾਇਬ ਸਿੰਘ ਜੇਤੇਵਾਲ ਨੇ ਕਿਹਾ ਕਿ ਕਣਕ ਦੀ ਚਲ ਰਹੀ ਖਰੀਦ ਵਿੱਚ ਖਰੀਦ ਏਜੰਸੀਆਂ ਆਪਣੀ ਆਪਣੀ ਮਨ ਮਰਜੀ ਕਰ ਰਹੀਆਂ ਹਨ। ਪੰਜਾਬ ਸਰਕਾਰ ਦੀਆਂ ਏਜੰਸੀਆਂ ਆਪਣੀ ਪੂਰੀ ਧੌਂਸ ਅਤੇ ਆਕੜ ਨਾਲ ਸਰਕਾਰ ਅਤੇ ਪ੍ਰਸ਼ਾਸਨ ਦੀ ਪਰਵਾਹ ਨਾ ਕਰਦੇ ਹੋਏ ਆਪਣੇ ਮਨਪਸੰਦ ਚਹੇਤੇ ਆੜ੍ਹਤੀਆਂ ਨੂੰ ਹੀ ਆਪਣਾ ਬਾਰਦਾਨਾ ਦਿੰਦੀਆਂ ਹਨ। ਬਾਕੀ ਛੋਟੇ ਕਮਜ਼ੋਰ ਆੜ੍ਹਤੀਆਂ ਨੂੰ ਜਾਣ ਬੁੱਝ ਕੇ ਪ੍ਰੇਸ਼ਾਨ ਕਰਨ ਦਾ ਕੰਮ ਕਰ ਰਹੀਆਂ ਹਨ ਤੇ ਉਨ੍ਹਾਂ ਨੂੰ ਕੋਈ ਬਾਰਦਾਨਾ ਵੀ ਨਹੀਂ ਦਿੰਦੀਆਂ। ਇਨ੍ਹਾਂ ਅੜਤੀਆਂ ਨੂੰ ਆਪਣੀ ਕਣਕ ਦੀ ਫਸਲ ਮਜਬੂਰਨ ਨੂੰ ਭਰਨੀ ਪੈਂਦੀ ਹੈ ਜੋ ਕਿ ਕੀਮਤ ਕਟੌਤੀ ਵਾਲਾ ਨੁਕਤਾ ਵਰਤ ਕੇ ਇੱਕੀ ਰੁਪਏ ਪ੍ਰਤੀ ਕੁਇੰਟਲ ਘੱਟ ਪੈਸੇ ਕਿਸਾਨ ਦੇ ਖਾਤੇ ਵਿੱਚ ਜਮ੍ਹਾਂ ਕਰਵਾ ਰਹੇ ਹਨ ਇਹ ਪੈਸੇ ਕਦੋਂ ਕਿਸਾਨ ਦੇ ਖਾਤੇ ਵਿੱਚ ਜਮ੍ਹਾਂ ਹੋਣਗੇ ਕੋਈ ਪਤਾ ਨਹੀਂ। ਆੜ੍ਹਤੀ ਮਜਬੂਰੀ ਵੱਸ ਕਿਸਾਨ ਦੇ ਪੈਸਿਆਂ ਦੀ ਭਰਪਾਈ ਕਰਨ ਲਈ ਮਜਬੂਰ ਹੈ। ਜੇਕਰ ਕਿਸੇ ਵੇਲੇ ਇਹ ਪੈਸੇ ਕਿਸਾਨ ਦੇ ਖਾਤੇ ਵਿੱਚ ਜਮ੍ਹਾਂ ਹੋ ਗਏ ਤਾਂ ਆੜ੍ਹਤੀ ਦੇ ਹੋਏ ਨੁਕਸਾਨ ਦੀ ਪੂਰਤੀ ਕੌਣ ਕਰੇਗਾ। ਆੜ੍ਹਤੀ ਅਤੇ ਕਿਸਾਨ ਦੇ ਸਬੰਧ ਬਿਗੜਨ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾਵੇਗਾ। ਜੇਕਰ ਗਰੀਬ ਆੜ੍ਹਤੀ ਸਟੇਟ ਏਜੰਸੀ ਪਾਸ ਬਾਰਦਾਨੇ ਲਈ ਬੇਨਤੀ ਕਰਦਾ ਹੈ ਤਾਂ ਅਧਿਕਾਰੀ ਤੀਹ ਕਿਲੋਮੀਟਰ ਦੂਰ ਜਾ ਕੇ ਰੋਪੜ ਤੋਂ ਬਾਰਦਾਨਾ ਪ੍ਰਾਪਤ ਕਰਨ ਦੀ ਗੱਲ ਕਰਦੇ ਹਨ ਜਦ ਕਿ ਖਰੀਦ ਏਜੰਸੀਆਂ ਬਾਰਦਾਨੇ ਨੂੰ ਖਰੀਦ ਕੇਂਦਰ ਤਕ ਪਹੁੰਚਾਉਣ ਦੇ ਪੈਸੇ ਠੇਕੇਦਾਰ ਨੂੰ ਅਦਾ ਕਰਦੀਆਂ ਹਨ। ਇਸ ਸਾਰੇ ਵਰਤਾਰੇ ਦੀ ਸੂਚਨਾ ਮੈਡਮ ਦੇ ਧਿਆਨ ਹਿੱਤ ਲਿਖਤੀ ਤੌਰ ਤੇ ਲਿਆਂਦੀ ਪਰ ਮੈਡਮ ਦੀ ਪੇਸ਼ ਨਹੀਂ ਗਈ। ਫੇਰ ਸਾਰਾ ਮਾਮਲਾ ਸਾਹਿਬ ਨੂੰ ਵੀ ਲਿਖਤੀ ਰੂਪ ਵਿੱਚ ਦਿੱਤਾ ਪਰ ਪਤਾ ਨਹੀਂ ਕਿਉਂ ਸਾਹਿਬ ਕੁਸਕੇ ਨਹੀਂ। ਜੇਕਰ ਭ੍ਰਿਸ਼ਟਾਚਾਰ ਵਿਰੋਧੀ ਦਾਅਵਾ ਕਰਨ ਵਾਲੀ ਸਰਕਾਰ ਇਸ ਸਬੰਧੀ ਪੜਤਾਲ ਕਰਕੇ ਇਸ 'ਚ ਸ਼ਾਮਿਲ ਲੋਕਾਂ ਨੂੰ ਨੰਗਾ ਕਰਨ ਲਈ ਕੋਈ ਕਾਰਵਾਈ ਕਰੇਗੀ ਤਾਂ ਜਮਹੂਰੀ ਕਿਸਾਨ ਸਭਾ ਪੰਜਾਬ ਜ਼ਿਲ੍ਹਾ ਰੋਪੜ ਇਸ ਸਬੰਧੀ ਪੜਤਾਲ ਕਰਨ ਵਾਲੇ ਅਧਿਕਾਰੀਆਂ ਨੂੰ ਪੂਰਾ ਸਹਿਯੋਗ ਦੇਵੇਗੀ। ਅਗਰ ਸਰਕਾਰ ਤੇ ਪ੍ਰਸ਼ਾਸਨ ਚੁੱਪ ਰਹਿਣ ਵਾਲੇ ਰਸਤੇ 'ਤੇ ਚੱਲਣ ਦੀ ਕੋਸ਼ਿਸ਼ ਕਰਨਗੇ ਤਾਂ ਜਮਹੂਰੀ ਕਿਸਾਨ ਸਭਾ ਪੰਜਾਬ ਜ਼ਿਲ੍ਹਾ ਰੋਪੜ ਸੰਯੁਕਤ ਕਿਸਾਨ ਮੋਰਚੇ ਦੇ ਸਹਿਯੋਗ ਨਾਲ ਫੈਸਲਾਕੁੰਨ ਲੜਾਈ ਵਿੱਢਣ ਲਈ ਮਜਬੂਰ ਹੋਣਗੇ।

ਡਾਰਵਿਨ ਦੀ ਥਿਊਰੀ ਸਿਲੇਬਸ 'ਚੋਂ ਕੱਢਣ ਦੀ ਨਿਖੇਧੀ

ਜਲੰਧਰ, (ਨਵਾਂ ਜ਼ਮਾਨਾ ਸਰਵਿਸ)-ਤਰਕਸ਼ੀਲ ਸੁਸਾਇਟੀ ਪੰਜਾਬ, ਜ਼ੋਨ ਜਲੰਧਰ ਨੇ ਕੇਂਦਰੀ ਸਿੱਖਿਆ ਮੰਤਰਾਲੇ ਵੱਲੋਂ ਐਨਸੀਈਆਰਟੀ ਦੇ ਦਸਵੀਂ ਜਮਾਤ ਦੇ ਸਿਲੇਬਸ ਵਿਚੋਂ ਕੌਮਾਂਤਰੀ ਪ੍ਰਸਿੱਧ ਵਿਗਿਆਨੀ ਤੇ ਦਾਰਸ਼ਨਿਕ ਚਾਰਲਸ ਡਾਰਵਿਨ ਨਾਲ ਸੰਬੰਧਤ 'ਜੀਵ ਵਿਗਿਆਨ' ਦੇ ਸਿਧਾਂਤ ਨੂੰ ਬਾਹਰ ਕੱਢਣ ਅਤੇ ਕੌਮੀ ਸਿੱਖਿਆ ਨੀਤੀ 2020 ਹੇਠ ਸਿੱਖਿਆ ਦੇ ਭਗਵੇਂਕਰਨ ਅਤੇ ਵਪਾਰੀਕਰਨ ਕੀਤੇ ਜਾਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਸਮੂਹ ਲੋਕਪੱਖੀ, ਅਗਾਂਹਵਧੂ, ਜਮਹੂਰੀ, ਇਨਕਲਾਬੀ, ਇਨਸਾਫ ਪਸੰਦ ਜਥੇਬੰਦੀਆਂ, ਵਿਗਆਨੀਆਂ, ਬੁੱਧੀਜੀਵੀਆਂ ਨੂੰ ਅਜਿਹੇ ਫਿਰਕੂ ਤੇ ਫਾਸ਼ੀਵਾਦੀ ਫੈਸਲਿਆਂ ਦਾ ਡਟ ਕੇ ਜਨਤਕ ਵਿਰੋਧ ਕਰਨ ਦੀ ਅਪੀਲ ਕੀਤੀ ਹੈ। ਇਸ ਸੰਬੰਧੀ ਜਲੰਧਰ ਵਿਖੇ ਹੋਈ ਜੋਨ ਪੱਧਰ ਦੀ ਇੱਕ ਬੈਠਕ ਵਿੱਚ ਪ੍ਰੈਸ ਦੇ ਨਾਂਅ ਜਾਰੀ ਬਿਆਨ ਵਿੱਚ ਜੋਨ ਮੁਖੀ ਸੁਰਜੀਤ ਟਿੱਬਾ ਤੇ ਪ੍ਰੈਸ ਸਕੱਤਰ ਵਿਜੇ ਰਾਹੀ ਨੇ ਦੱਸਿਆ ਕਿ ਮਹਾਨ ਵਿਗਿਆਨੀ ਚਾਰਲਸ ਡਾਰਵਿਨ ਨੇ ਤੱਥਾਂ ਸਹਿਤ ਜੀਵ ਵਿਗਿਆਨ ਦੇ ਸਿਧਾਂਤ ਨੂੰ ਸਿੱਧ ਕੀਤਾ ਹੈ ਕਿ ਮਨੁੱਖ ਤੇ ਹੋਰ ਧਰਤੀ ਉਪਰ ਵਿਚਰ ਰਹੀਆਂ ਪ੍ਰਜਾਤੀਆਂ ਕੁਦਰਤੀ ਵਿਕਾਸ ਰਾਹੀਂ ਪੈਦਾ ਹੋਈ ਗਤੀਸ਼ੀਲਤਾ ਤੋਂ ਬਾਅਦ ਸਾਹਮਣੇ ਆਉਂਦੀਆਂ ਹਨ। ਭਾਵ ਅੱਜ ਜੋ ਵੀ ਜੀਵ ਸਾਨੂੰ ਨਜਰ ਆ ਰਹੇ ਹਨ ਜਾਂ ਧਰਤੀ ਤੇ ਜੀਅ ਰਹੇ ਹਨ ਉਹ ਕੁਦਰਤੀ ਵਿਕਾਸ ਦੇ ਸਿਧਾਂਤ 'ਤੇ ਹੀ ਚੱਲ ਕੇ ਇਥੋਂ ਤੱਕ ਪਹੁੰਚੇ ਹਨ ਪਰ ਇਹ ਗੱਲ ਫਾਸ਼ੀਵਾਦੀ ਸਰਕਾਰਾਂ ਨੂੰ ਗਵਾਰਾ ਨਹੀਂ ਕਿਉਂਕਿ ਉਹਨਾਂ ਨੇ ਲੋਕਾਂ ਅੰਦਰ ਪਿਛਾਖੜੀ ਸੋਚ ਉਤਪੰਨ ਕਰਕੇ ਲੰਮਾ ਰਾਜ ਕਰਨਾ ਹੁੰਦਾ ਹੈ ਤੇ ਕਾਰਪੋਰੇਟ ਰਾਹੀਂ ਉਹਨਾਂ ਨੂੰ ਲੁੱਟਣਾ ਵੀ ਹੁੰਦਾ ਹੈ । ਟਿੱਬਾ ਨੇ ਕਿਹਾ ਕਿ ਮਹਾਨ ਵਿਗਿਆਨੀ ਨੇ ਅੱਜ ਤੋਂ 164 ਸਾਲ ਪਹਿਲਾਂ ਜੋ ਜੀਵ ਵਿਗਿਆਨ ਦਾ ਸਿਧਾਂਤ ਪੇਸ਼ ਕੀਤਾ ਸੀ ਉਸ ਦੀ ਇਸ ਥਿਊਰੀ ਨੂੰ ਕੋਈ ਵੀ ਵਿਗਿਆਨੀ ਰੱਦ ਨਹੀਂ ਕਰ ਸਕਿਆ ਤੇ ਸਾਰੇ ਯੂਰਪ ਤੇ ਵਿਕਸਤ ਦੇਸ਼ਾਂ ਵਿਚ ਇਸ ਨੂੰ ਪੜ੍ਹਾਇਆ ਜਾਂਦਾ ਹੈ। ਉਹਨਾਂ ਮੋਦੀ ਸਰਕਾਰ ਤੇ ਨਿੱਜੀਕਰਨ,ਵਪਾਰੀਕਰਨ ਤੇ ਭਗਵੇਂਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਵਿਦਿਆਰਥੀਆਂ ਉੱਤੇ ਪੜ੍ਹਾਈ ਦਾ ਬੋਝ ਘਟਾਉਣ ਦੇ ਨਾਂਅ 'ਤੇ ਇਹ ਸਲੇਬਸ ਬਦਲ਼ਿਆ ਜਾ ਰਿਹਾ ਹੈ ਤੇ ਇਹ ਪਹਿਲੀ ਵਾਰ ਨਹੀਂ ਹੈ ਇਸ ਤੋਂ ਪਹਿਲਾਂ ਵੀ ਗਦਰੀ ਬਾਬਿਆਂ ਦਾ ਇਤਿਹਾਸ,ਗੁਜਰਾਤ ਦੰਗੇ,ਮੁਗਲ ਕਾਲ ਦਾ ਇਤਿਹਾਸ,ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦਾ ਇਤਿਹਾਸ ਤੇ ਹੋਰ ਵੀ ਬਹੁਤ ਕੁਝ ਇਸ ਐਨਸੀਈਆਰਟੀ ਦੀਆਂ ਕਿਤਾਬਾਂ 'ਚੋਂ ਕੱਢਿਆ ਜਾ ਚੁੱਕਾ ਹੈ। ਉਹਨਾਂ ਕਿਹਾ ਕਿ ਸਰਕਾਰ ਡਾਰਵਿਨ ਦੇ ਸਰਵ ਪ੍ਰਮਾਣਿਤ ਮਨੁੱਖ ਦੀ ਉਤਪਤੀ ਦੇ ਵਿਗਿਆਨਕ ਸਿਧਾਂਤ ਨੂੰ ਸਿੱਖਿਅ ਸਿਲੇਬਸ ਚੋਂ ਕੱਢ ਕੇ ਵਿਦਿਆਰਥੀਆਂ ਨੂੰ ਅਧਿਆਤਮਵਾਦ ਦੀ ਦਲਦਲ ਵਿਚ ਸੁੱਟਣਾ ਚਾਹੁੰਦੀ ਹੈ ਜਿਸਦਾ ਵਿਗਿਆਨਕ ਸੋਚ ਵਾਲੀਆਂ ਜਥੇਬੰਦੀਆਂ ਵੱਲੋਂ ਸਖਤ ਵਿਰੋਧ ਕੀਤਾ ਜਾਵੇਗਾ। ਤਰਕਸ਼ੀਲ਼ ਆਗੂ ਸੁਖਵਿੰਦਰ ਬਾਗਪੁਰ ਨੇ ਦੱਸਿਆ ਕਿ ਦੇਸ਼ ਦੇ 1800 ਵਿਗਿਆਨੀਆਂ,ਸਿੱਖਿਆ ਸ਼ਾਸ਼ਤਰੀਆਂ,ਵਿਦਵਾਨਾਂ ਅਤੇ ਵਿਗਿਆਨਕ ਸੋਚ ਰੱਖਣ ਵਾਲੇ ਚਿੰਤਕਾਂ ਵੱਲੋਂ ਮੋਦੀ ਸਰਕਾਰ ਦੇ ਇਸ ਰੂੜੀਵਾਦੀ ਫੈਸਲੇ ਦਾ ਡਟਵਾਂ ਵਿਰੋਧ ਕਰਦੇ ਹੋਏ ਕੇਂਦਰ ਸਰਕਾਰ ਤੋਂ ਇਸਨੂੰ ਵਾਪਸ ਲੈਣ ਦੀ ਜੋਰਦਾਰ ਮੰਗ ਕੀਤੀ। ਇਸ ਮੌਕੇ ਸੁਖਦੇਵ ਫਗਵਾੜਾ,ਬਿੱਟੂ ਰੂਪੋਵਾਲ,ਸੰਦੀਪ ਸਿੰਘ ਦਰਦੀ,ਜਸਵਿੰਦਰ ਫਗਵਾੜਾ,ਵੇਦ ਪ੍ਰਕਾਸ਼ ਸੋਨੀ ਹਾਜਰ ਸਨ।

ਕੈਂਬਰਿਜ ਅਰਥ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ 17 ਗੋਲਡ ਮੈਡਲ ਜਿੱਤੇ

ਟਾਂਡਾ ਉੜਮੁੜ, (ਓਂਕਾਰ ਸਿੰਘ ਜਸਵਿੰਦਰ ਸੰਧੂ)- ਸਾਇੰਸ ਓਲੰਪੀਆਡ ਫਾਊਂਡੇਸ਼ਨ ਵੱਲੋਂ ਕਰਵਾਈ ਗਈ ਮੈਥ ਓਲੰਪੀਆਡ ਪ੍ਰੀਖਿਆ ਵਿਚ ਕੈਂਬਰਿਜ ਅਰਥ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 17 ਗੋਲਡ ਮੈਡਲ ਜਿੱਤੇ ਹਨ। ਸਕੂਲ ਦੇ ਇਨ੍ਹਾਂ ਜੇਤੂ ਹੋਣਹਾਰ ਵਿਦਿਆਰਥੀਆਂ ਨੂੰ ਸੰਸਥਾ ਦੇ ਚੇਅਰਮੈਨ ਦੌਲਤ ਰਾਮ ਮਹਿੰਦਰੂ ਅਤੇ ਪ੍ਰੈਜ਼ੀਡੈਂਟ ਗਗਨ ਵੈਦ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਸਨਮਾਨਤ ਕਰਦੇ ਹੋਏ ਪ੍ਰਿੰਸੀਪਲ ਸਪਨਾ ਕੁਮਾਰ ਨੇ ਹੋਰਨਾਂ ਵਿਦਿਆਰਥੀਆਂ ਨੂੰ ਵੀ ਪ੍ਰੇਰਨਾ ਲੈਣ ਲਈ ਕਿਹਾ। ਪ੍ਰਿਸੀਪਲ ਨੇ ਦੱਸਿਆ ਕਿ ਇਸ ਪ੍ਰੀਖਿਆ ਵਿਚ ਵੱਖ-ਵੱਖ ਕਲਾਸਾਂ ਦੇ ਵਿਦਿਆਰਥੀਆਂ ਹਿੰਮਤ ਵੀਰ ਸਿੰਘ,ਗੁਰਨੂਰ ਸਿੰਘ, ਹੰਮਸਿਕਾ,ਹਾਰਦਿਕ ਵੈਦ,ਹਰਨਾਵ ਕੌਰ ਢਿੱਲੋਂ,ਲਵੰਗ ਵਰਮਾ,ਪਾਰਥ ਨਰੂਲਾ,ਅਗਮ ਸਿੰਘ,ਪ੍ਰਿਥਵੀ ਮਦਾਨ, ਇਸ਼ਾਨ ਵੈਦ,ਹਰਨੂਰ ਕੌਰ,ਗੁਰਸ਼ਾਨ ਸਿੰਘ,ਖੁਸ਼ਦੀਪ ਸਿੰਘ,ਅਗਮ ਕਸ਼ਯਪ,ਅਰਸ਼ਨੂਰ ਕੌਰ,ਦੀਆਂ ਮਦਾਨ,ਮਹਿਕਪ੍ਰੀਤ ਕੌਰ ਨੇ ਗੋਲਡ ਮੈਡਲ ਜਿੱਤ ਕੇ ਸਕੂਲ ਦਾ ਨਾਂਅ ਰੋਸ਼ਨ ਕੀਤਾ ਹੈ। ਇਸੇ ਤਰ੍ਹਾਂ ਅਕਸ਼ਿਤ ਕੰਡਾ ਅਤੇ ਸਾਹਿਬਜੋਤ ਸਿੰਘ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਮੌਕੇ ਮਨਪ੍ਰੀਤ ਬਬਲੀ,ਕੁਲਵਿੰਦਰ ਕੌਰ, ਕੁਲਵਿੰਦਰ ਸੈਣੀ, ਸੂਰਜ, ਦੀਪਿਕਾ, ਰਜਨੀ ਮੰਗਲ,ਰਵਿੰਦਰ,ਗਗਨ ਸ਼ਰਮਾ,ਅਨੂ ਬਾਲਾ,ਲਖਬੀਰ, ਜੋਤੀ, ਹਰਪ੍ਰੀਤ ਕੌਰ,ਹਰਪ੍ਰੀਤ ਸਿੰਘ ਕਮਾਂਡਰ ਅਤੇ ਪੂਨਮ ਮੌਜੂਦ ਸਨ।

ਪੁਲਸ ਪਰਵਾਰ ਵੈਲਫੇਅਰ ਐਸੋਸੀਏਸ਼ਨ ਵੱਲੋਂ 'ਆਪ' ਨੂੰ ਸਮਰਥਨ

ਜਲੰਧਰ, (ਸ਼ੈਲੀ ਐਲਬਰਟ)

ਜਲੰਧਰ ਜ਼ਿਮਨੀ ਚੋਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਹੋਰ ਮਜ਼ਬੂਤੀ ਮਿਲੀ ਜਦ ਜਲੰਧਰ ਸਥਿਤ ਪੁਲਸ ਪਰਵਾਰ ਵੈਲਫੇਅਰ ਐਸੋਸੀਏਸ਼ਨ ਨੇ 'ਆਪ' ਨੂੰ ਸਮਰਥਨ ਦੇਣ ਦਾ ਐਲਾਨ ਕਰ ਦਿੱਤਾ। ਇਹ ਐਲਾਨ ਸਥਾਨਕ ਗੁਰੂ ਰਵਿਦਾਸ ਚੌਕ ਜਲੰਧਰ ਵਿਖੇ ਕੀਤੇ ਗਏ ਇੱ